Postal No.-- CHD/0111/2015-17

Regd No. 32212/78

# ਲੁਬਾਣਾ ਸੇਵਕ

ਜਨਵਰੀ 2017 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਦਸਮ ਪਿਤਾ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਦੀਆਂ ਮੁਬਾਰਕਾਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਤਖਤ ਬਹੈ ਤਖਤੈ ਕੀ ਲਾਇਕ



ਪੰਜਾਬ ਵਿਚ ਹੁਣੇ-ਹੁਣੇ ਜਨਤਾ ਨੇ ਆਪੋ ਆਪਣੀ ਵੋਟ ਦਾ ਹੱਕ ਵਰਤ ਕੇ ਕਿਰਿਆ ਸੰਪੰਨ ਕੀਤੀ ਹੈ। ਆਸ ਕੀਤੀ ਜਾਂਦੀ ਹੈ ਕਿ ਜਨਤਾ ਦਾ ਜਮਹੂਰੀਅਤ ਫੈਸਲੇ ਦਾ ਨਤੀਜਾ ਆਮ ਜਨ ਸਧਾਰਨ, ਪੰਜਾਬ ਅਤੇ ਦੇਸ਼ ਪ੍ਰਤੀ ਸੱਚ, ਨਿਆਂ, ਅਗਾਂਹਵਧੂ ਸੋਚ, ਗਰੀਬੀ ਪੱਧਰ, ਕਿਸਾਨਾਂ ਅਤੇ ਮਜ਼ਦੂਰਾਂ ਪੱਖੀ ਹਕੂਮਤ ਹੋਵੇਗੀ। ਅਜ਼ਾਦੀ ਦੇ ਸੱਤਰ ਸਾਲਾਂ ਬਾਅਦ ਵੀ ਅਸਲੀ ਅਜ਼ਾਦੀ ਜੋ ਕਿ ਭਾਰਤੀਆਂ ਨੂੰ ਮਿਲਣੀ ਚਾਹੀਦੀ ਸੀ ਹੁਣ ਤੱਕ ਨਹੀਂ ਮਿਲੀ। ਇਸ ਕਰਕੇ ਆਮ ਚੋਣਾਂ ਦੌਰਾਨ ਲੋਕ ਆਪਣੇ ਵੱਲੋਂ ਚੰਗੇ ਬਦਲ ਦੀ ਉਮੀਦ ਰੱਖਦੇ ਹੋਏ ਨਵੀਂ ਸਰਕਾਰ ਅਤੇ ਉਮੀਦਵਾਰ ਚੁਣਦੇ ਹਨ। ਹੁਣ ਦਾਰੋਮਦਾਰ ਚੁਣੇ ਹੋਏ ਨੁਮਾਇੰਦਿਆਂ 'ਤੇ ਨਿਰਭਰ ਕਰੇਗਾ ਕਿ ਜਨਤਾ ਦੀ ਕਸੌਟੀ ਤੇ ਕਿਸ ਤਰ੍ਹਾਂ ਖਰ੍ਹੇ ਉਤਰਦੇ ਹਨ। ਵਾਹਿਗੁਰੂ ਪ੍ਰਮਾਤਮਾ ਪਾਸ ਅਰਦਾਸ ਹੈ ਕਿ "**ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥**" ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੀ 31-03-2017 ਤੱਕ ਨਵੀਂ ਕਮੇਟੀ ਦੀ ਚੋਣ ਕਰਨ ਜਾ ਰਿਹਾ ਹੈ।

ਜਮਹੂਰੀਅਤ ਵਿਚ ਚੋਣਾਂ ਰਾਹੀਂ ਉੱਤਰਅਧਿਕਾਰੀਆਂ ਦੀ ਚੋਣ ਕਰਨ ਦੀ ਪ੍ਰਕਿਰਿਆ ਹੈ। ਇਹ ਸਭ ਰਾਜਸੀ ਪੱਖ ਨੂੰ ਮੁੱਖ ਰੱਖ ਕੇ ਹੀ ਹੁੰਦੀ ਹੈ ਭਾਵੇਂ ਕਿ ਇਸ ਨੂੰ ਹਾਸਲ ਕਰਨ ਲਈ ਜਨਤਾ ਦੀਆਂ ਭਾਵਨਾਵਾਂ, ਝੂਠੇ ਵਾਅਦੇ ਅਤੇ ਧਰਮ, ਜਾਤ, ਇਲਾਕੇ, ਸਰਮਾਏਦਾਰੀ ਦਾ ਸਹਾਰਾ ਵੀ ਲਿਆ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਚੁਣੇ ਨੁਮਾਇੰਦੇ ਕੁਝ ਅਦਾਰਿਆਂ ਦੇ ਦੇਣਦਾਰ ਹੋ ਕੇ ਗੱਦੀ ਉਪਰ ਜਦੋਂ ਬੈਠਦੇ ਹਨ ਤਾਂ ਨਿਆਂ ਨਹੀਂ ਕਰ ਸਕਦੇ ਅਤੇ ਇਹ ਸਿਲਸਿਲਾ ਪਰਿਵਾਰਵਾਦ, ਗੁੱਟਬੰਦੀ, ਮੁਨਾਫ਼ਾਖੋਰੀ, ਰਿਸ਼ਵਤਖੋਰੀ ਅਤੇ ਖਾਸ ਕਰਕੇ ਦੱਬੇ ਵਰਗਾਂ ਲਈ ਜਹਾਲਤਾ ਵਾਲਾ ਮਾਹੌਲ ਬਣਾ ਕੇ ਨੁਕਸਾਨਦੇਹ ਹੁੰਦੀ ਹੈ। ਇਸ ਪੱਖੋਂ ਚੋਣ ਸਿਸਟਮ ਰਾਹੀਂ ਤਕੜਾ ਹੀ ਅੱਗੇ ਆਉਂਦਾ ਹੈ ਅਤੇ ਗਰੀਬਾਂ-ਮਜ਼ਲੂਮਾਂ ਦੀ ਸਾਰ ਕੋਈ ਵਿਰਲਾ ਹੀ ਕਰਦਾ ਹੈ।

ਦੂਜਾ ਚੋਣ ਵਿਧੀ ਦਾ ਤਰੀਕਾ "**ਪੰਚ ਪਰਵਾਣ ਪੰਚ ਪਰਧਾਨੁ**" ਦਾ ਹੈ ਜੋ ਕਿ ਗੁਰੂਆਂ ਨੇ ਸਾਡੇ ਮਾਰਗ ਦਰਸ਼ਕ ਲਈ ਦਰਸਾ ਕੇ ਸਾਨੂੰ ਸੇਧ ਦਿੱਤੀ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਇਸੇ ਕਿਰਿਆ ਅਨੁਸਾਰ ਦਿੱਤੀ ਕਿ ਉਹ ਦੁਨਿਆਵੀ ਮਨੁੱਖਾ ਸਰੀਰ ਭਾਵੇਂ ਗੁਰੂ ਅੰਗਦ ਦੇਵ ਜੀ ਕਰਕੇ ਹੋਇਆ ਪ੍ਰੰਤੂ ਜੋਤਿ ਉਹੀ ਗੁਰੂ ਨਾਨਕ ਦੇਵ ਦੀ ਅੱਗੇ ਉਸੇ ਤਰ੍ਹਾਂ ਚੱਲੀ। "**ਜੋਤਿ ਉਹਾ ਜੁਗਤ ਸਾਇ ਸਹਿ ਕਾਇਆ ਫੇਰਿ ਪਲਟੀਐ ॥**" ਇਸ ਤਰ੍ਹਾਂ "**ਗੁਰੂ ਅੰਗਦੁ ਗੁਰੁ ਅੰਗੁ ਤੇ, ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ ॥ ਜੋਤੀ ਜੋਤਿ ਜਗਾਈਅਨ, ਦੀਵੇ ਤੇ ਜਿਉ ਦੀਵਾ ਬਲਿਆ ॥**" ਇਸੇ ਤਰ੍ਹਾਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਵਿਚ ਨਾਨਕ ਦੀ ਜੋਤ ਸਰੂਪ ਸ਼ਬਦ ਵਿਚਾਰਧਾਰਾ ਨੂੰ ਅੱਗੇ ਤੋਰਿਆ, "**ਸੋ ਟਿਕਾ, ਸੋ ਛਤ੍ਰ ਸਿਰਿ, ਸੋਈ ਸਚਾ ਤਖਤੁ ਟਿਕਾਈ ॥ ਗੁਰੂ ਨਾਨਕ ਹੰਦੀ ਮੁਹਰ ਹਥਿ, ਗੁਰ ਅੰਗਦ ਦੀ ਦੋਹੀ ਫਿਰਾਈ ॥**" ਇਸ ਤਰ੍ਹਾਂ ਧੰਨ ਧੰਨ ਰਾਮਦਾਸ ਗੁਰੂ ਜੀ ਨੂੰ ਬਾਬਾ ਨਾਨਕ ਜੀ ਦੀ ਜੋਤਿ ਨੂੰ ਅੱਗੇ ਤੋਰਨ ਲਈ "**ਧੰਨੁ ਧੰਨੁ ਗੁਰੂ ਰਾਮਦਾਸ ਗੁਰੂ, ਜਿਨਿ ਸਿਰਿਆ ਤਿਨੈ ਸਵਾਰਿਆ ॥ ਪੂਰੀ ਹੋਈ ਕਰਾਮਾਤਿ, ਆਪਿ ਸਿਰਜਣਹਾਰੈ ਧਾਰਿਆ ॥ ਸਿਖੀ ਅਤੇ ਸੰਗਤੀ, ਪਾਰਬ੍ਰਹਮ ਕਰਿ ਨਮਸਕਾਰਿਆ। ਅਟਲੁ ਅਥਾਹੁ ਅਤੋਲੁ ਤੂ, ਤੇਰਾ ਅੰਤ ਨ ਪਾਰਾਵਾਰਿਆ ॥ ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥ ਲਬੁ ਲੋਭੁ ਕਾਮੁ ਕ੍ਰੋਧੁ, ਮੋਹੁ, ਮਾਰਿ ਕਢੇ ਤੁਧੁ ਸਪਰਵਾਰਿਆ ॥ ਧੰਨ ਸੁ ਤੇਰਾ ਥਾਨ ਹੈ, ਸਚੁ ਤੇਰਾ ਪੈਸਕਾਰਿਆ ॥ ਨਾਨਕੁ ਤੂ ਲਹਣਾ ਤੂ ਹੈ, ਗੁਰੁ ਅਮਰੁ ਤੂ ਵੀਚਾਰਿਆ। ਗੁਰੁ ਡਿਠਾ ਤਾਂ ਮਨੁ ਸਧਾਰਿਆ ॥**"

ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਵੀ ਨਾਨਕ ਜੋਤ ਦੀ ਅਗਲੀ ਸੰਸਾਰਕ ਸਰੀਰ ਵਿਚ ਵਿਚਰੀ "**ਜੋਤਿ ਰੂਪਿ ਹਰਿ ਆਪ, ਗੁਰੂ ਨਾਨਕ ਕਹਾਯਉ ॥ ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ ॥ ਅੰਗਦ ਕਿਰਪਾ ਧਾਰਿ, ਅਮਰੁ ਸਤਿਗੁਰੂ ਥਿਰੁ ਕੀਅਉ ॥ ਅਮਰਦਾਸ ਅਮਰਤ ਛਤ੍ਰੁ, ਗੁਰ ਰਾਮਹਿ ਦੀਅਉ ॥ ਗੁਰੂ ਰਾਮਦਾਸ ਦਰਸਨੁ ਪਰਸੁ, ਕਹਿ ਮਥੁਰਾ ਅੰਮ੍ਰਿਤ ਬਯਣ ॥ ਮੂਰਤਿ ਪੰਚ ਪ੍ਰਮਾਣ ਪੁਰਖੁ, ਗੁਰੂ ਅਰੁਜੁਨ ਪਿਖਹੁ ਨਯਣ ॥**" ਇਸੇ ਤਰ੍ਹਾਂ ਗੁਰੂ ਨਾਨਕ ਜੋਤਿ ਨਿਰੰਤਰ ਦਸਵੇਂ ਪਾਤਸਾਹਿ ਗੁਰੂ ਗੋਬਿੰਦ ਸਿੰਘ ਜੀ ਤੱਕ ਸਰੀਰਕ ਜਾਮਿਆ ਤੱਕ ਚੱਲੀ ਅਤੇ ਹੁਣ ਸਮਰੱਥ ਗੁਰੂ ਧੰਨ ਧੰਨ ਸ੍ਰਿਸ਼ਟੀ ਦੇ ਮਾਲਿਕ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂਆਂ ਦੀ ਜੋਤਿ ਸਾਰੀ ਲੋਕਾਈ ਦਾ ਮਾਰਗ ਦਰਸ਼ਕ ਕਰ ਰਹੇ ਹਨ।

ਇਸ ਦੀ ਦੂਜੀ ਪਰਿਕਿਰਿਆ ਉੱਪਰ ਦਰਸਾਈ ਗੁਰੂ ਸਾਹਿਬਾਂ ਦੇ ਪੂਰਨਿਆਂ ਜੋ ਕਿ ਪੰਚ ਪਰਧਾਨੀ ਅਤੇ ਸਰਬਸੰਮਤੀ ਨਾਲ ਯੋਗ ਤੇ ਪ੍ਰਵਾਨਿਤ ਵਿਅਕਤੀ ਜਿਸ ਦੀ ਸੋਚ, ਕਰਨੀ ਅਤੇ ਪ੍ਰਮੁਖ ਸੰਗਤ ਵੱਲੋਂ ਨਾਮਜਦ ਅਤੇ ਸੰਗਤ ਵਿਚ ਵਿਚਾਰ ਉਪਰੰਤ ਹੈ ਹੋ ਸਕਦੀ ਹੈ। ਇਸ ਤਰ੍ਹਾਂ ਦੀ ਚੋਣ ਗੁਰੂ ਸਿਧਾਂਤਾਂ ਨਾਲ ਮੇਲ ਖਾਂਦੀ ਹੈ ਅਤੇ ਸਾਡੇ ਵਿਰਸੇ ਸਮਾਜ ਨੂੰ ਇਕਜੁੱਟਤਾ ਵੱਲ ਤੋਰਦੀ ਹੈ। ਜੇ ਸਾਨੂੰ ਸਿਆਸੀ ਤਰੀਕੇ ਨਾਲ ਚੋਣਾਂ ਦਾ ਰਸਤਾ ਅਖਤਿਆਰ ਕਰਨ ਲਈ ਮਜਬੂਰਨ ਵਿਚਰਨਾ ਪਵੇ ਤਾਂ ਇਹ ਆਪਸੀ ਭਾਈਚਾਰੇ, ਰਿਸ਼ਤੇਦਾਰੀਆਂ, ਸਮਾਜ ਅਤੇ ਮਿਲਦੀ-ਜੁਲਦੀ ਸੰਗਤ ਲਈ ਚੰਗਾ ਨਹੀਂ ਹੁੰਦਾ ਅਤੇ ਕੋਈ ਨਾ ਕੋਈ ਕਟਾਸ਼ ਜ਼ਰੂਰ ਛੱਡਦਾ ਹੈ।

ਇਸ ਲਈ ਜੇ ਪ੍ਰਮੁੱਖ ਵਿਅਕਤੀ ਜੋ ਕਾਫੀ ਸਮੇਂ ਤੋਂ ਜੁੜੇ ਹੋਏ ਹਨ ਅਤੇ ਜਿਨ੍ਹਾਂ ਦੀ ਸੰਸਥਾ, ਸਮਾਜ ਅਤੇ ਬਿਰਾਦਰੀ ਲਈ ਜ਼ਿੰਮੇਵਾਰੀ ਬਣਦੀ ਹੈ ਉਹ ਅੱਗੇ ਆਉਣ ਅਤੇ ਜੋ ਵੀ ਯੋਗ ਵਿਅਕਤੀ ਚੰਗੇ ਪਿਛੋਕੜ, ਬਿਨ੍ਹਾਂ ਵਿਵਾਦ ਦੇ ਹੋਣ ਉਨ੍ਹਾਂ ਨੂੰ ਸਰਬਸੰਮਤੀ ਨਾਲ ਅਗਲੀ ਜ਼ਿੰਮੇਵਾਰੀ ਸੌਂਪਣੀ ਚਾਹੀਦੀ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਗੁੱਟਬਾਜ਼ੀ, ਪਾਰਟੀਬਾਜ਼ੀ, ਈਰਖਾ, ਵੱਖਵਾਦ ਤੋਂ ਉੱਪਰ ਉੱਠ ਕੇ ਸਭ ਚੰਗੇ ਵਿਵਹਾਰ, ਚੰਗੀ ਬੋਲੀ, ਦੂਰਅੰਦੇਸ਼ੀ ਅਤੇ ਸਭ ਲਈ ਨੇਕ ਸੋਚ ਰੱਖਣ ਵਾਲੇ ਜੋ ਬਿਰਾਦਰੀ ਨੂੰ ਸੇਧ ਦੇ ਕੇ ਤਨ, ਮਨ ਅਤੇ ਧੰਨ ਨਾਲ ਸੇਵਾ ਲਈ ਸੱਚੇ ਦਿਲੋਂ ਧਾਰਨੀ ਹੋ ਕੇ ਸਭ ਕਾਰਜ ਨੇਪਰੇ ਚਾੜ੍ਹ ਸਕਣ। ਸੋ ਆਪ ਸਭ ਨੂੰ ਬੇਨਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ ਨਾਜਰ ਜਾਣ ਕੇ ਅਤੇ ਸੇਧ ਲੈ ਕੇ ਆਪਣੀ-ਆਪਣੀ ਜ਼ਿੰਮੇਵਾਰੀ ਪੂਰੀ ਕਰੋ -

**"ਸਿੱਖ ਪੰਚਨ ਮਹਿ ਮੇਰੋ ਬਾਸਾ ॥ ਪੂਰਨ ਕਰੌਂ ਧਰਹਿ ਜੇ ਆਸਾ ॥**
**ਤਿਨ ਤੇ ਕਰਵਾਇਓ ਅਰਦਾਸਾ ॥ ਸਰਬਕਾਜ ਆਵਹਿ ਤਬਿ ਰਾਸਾ ॥**


**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**


**ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ**
**ਉੱਗਣ ਵਾਲੇ ਉੱਗ ਪੈਂਦੇ ਨੇ, ਸੀਨਾ ਪਾੜ ਕੇ ਪੱਥਰਾਂ ਦਾ**
**ਮੰਜ਼ਿਲ ਦੇ ਮੱਥੇ ਦੇ ਉੱਤੇ ਤਖਤੀ ਲੱਗਣੀ ਉਹਨਾਂ ਦੀ**
**ਜਿਹੜੇ ਘਰੋਂ ਬਣਾ ਕੇ ਤੁਰਦੇ ਨਕਸ਼ਾ ਆਪਣੇ ਸਫ਼ਰਾਂ ਦਾ**
**ਥਾਓਂ ਥਾਈਂ ਜੇ ਹੋ ਜਾਈਏ ਆਦੀ ਫਰਜ਼ ਨਿਭਾਵਣ ਦੇ**
**ਕਦੇ ਨਾ ਕਰੀਏ ਇੱਕ ਦੂਜੇ ਦੇ ਅੱਗੇ ਠੂਠਾ ਸੱਧਰਾਂ ਦਾ**
**ਤੇਰੇ ਸ਼ਹਿਰ ਦੇ ਬਾਬਾ ਨਜ਼ਮੀ ਕਿਸੇ ਵੀ ਸਿਰ ਨੂੰ ਕੱਜਿਆ ਨਈਂ।**
**ਏਸੇ ਕਿਸਰਾਂ ਹੋਕਾਂ ਲਾਵਾਂ, ਬੁਰਕਿਆਂ ਦਾ ਤੇ ਚੱਦਰਾਂ ਦਾ। ...ਬਾਬਾ ਨਜ਼ਮੀ**

# ਲੁਬਾਣਾ ਸੇਵਕ

**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-73473-85325

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰु. |
| ਜੀਵਨ ਮੈਂਬਰ ਪਰਦੇਸ | : | 7500 ਰु. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਫਰਵਰੀ - 12-2-2017 (ਐਤਵਾਰ)
ਮਾਰਚ - 14-3-2017 (ਮੰਗਲਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 59 | ਜਨਵਰੀ - 2017


| | | |
|---|---|---|
| 1. | ਮਹਾਂਨਾਇਕ-ਗੁਰੂ ਗੋਬਿੰਦ ਸਿੰਘ ਜੀ | 5 |
| 2. | ਖਿਦਰਾਣੇ ਦੀ ਢਾਬ ਤੋਂ ਮੁਕਤਸਰ | 8 |
| 3. | ਸ਼ਹੀਦ ਬਾਬਾ ਦੀਪ ਸਿੰਘ ਜੀ | 10 |
| 4. | ਪੰਜਾਬ ਵਿਚ ਲੋਹੜੀ ਤਿਓਹਾਰ ਦਾ ਪਿਛੋਕੜ | 12 |
| 5. | ਭਰੂਣ ਹੱਤਿਆ ਸਮਾਜ ਲਈ ਕਲੰਕ | 15 |
| 6. | ਦੋ ਕਹਾਣੀਆਂ | 16 |
| 7. | ਸਿਆਸਤ ਦਾ ਵੱਖਰਾ ਬੂਟਾ ਲਾਉਣ ਦਾ ਸਮਾਂ | 18 |
| 8. | 2016 ਵਿਚ ਕੌਮਾਂਤਰੀ ਪੱਧਰ 'ਤੇ 48 ਪੱਤਰਕਾਰ ਮਾਰੇ ਗਏ | 20 |
| 9. | ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ | 22 |
| 10. | ਕਹਾਣੀ (ਝੁੰਗਾ) | 25 |
| 11. | ਅਲੋਪ ਹੋ ਰਹੇ ਰੁਖ-ਬੂਟੇ-ਬੇਰੀ (ਦੇਸਾ) | 30 |
| 12. | ਕਾਵਿ-ਕਿਆਰੀ | 32 |
| 13. | ਸਿਹਤ ਸੰਭਾਲ | 35 |
| 14. | की जाणा मैं कौण? | 36 |
| 15. | नवदीप सिंह लेबर इंफोरसमेंट अफसर नियुक्त | 37 |
| 16. | निबन्ध : सत्संगति | 37 |
| 17. | Health Tips by Experts | 38 |
| 18. | The English Language | 40 |
| 19. | ਦਾਨੀ ਸੱਜਣਾਂ ਦੀ ਸੂਚੀ | 41 |


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਮਹਾਂਨਾਇਕ-ਗੁਰੂ ਗੋਬਿੰਦ ਸਿੰਘ ਜੀ

ਸ. ਸੁਰਿੰਦਰਪਾਲ ਸਿੰਘ



ਅਸੀਂ ਜਦੋਂ ਆਪਣੇ ਸ਼ਰਧਾ ਨਾਇਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਸੰਦਰਭ ਵਿਚ ਸੋਚ ਨੂੰ ਕ੍ਰਿਆਸ਼ੀਲ ਕਰਦੇ ਹਾਂ ਤਾਂ ਸਾਡੀਆਂ ਸੋਚਾਂ ਆਪਣੇ ਆਪ ਹੀ ਪੂਰਨ ਰੂਪ ਸਤਿਕਾਰ-ਸੰਚਤ ਹੋ ਹੋ ਜਾਂਦੀਆਂ ਹਨ ਤੇ ਸਾਡੀਆਂ ਰਗਾਂ ਵਿਚ ਇਕ ਵੱਖਰੀ ਪ੍ਰਕਾਰ ਦਾ ਜੋਸ਼ ਸੰਚਾਰਤ ਹੋਣ ਲੱਗਦਾ ਹੈ। ਉਨ੍ਹਾਂ ਦਾ ਮਹਾਂ ਸੰਘਰਸ਼ਸ਼ੀਲ ਜੀਵਨ-ਕਰਮ ਅਤੇ ਉਸ ਵਿਚੋਂ ਪਹੁ-ਫੁਟਾਲੇ ਵਾਂਗ ਕਿਰਨਾਂ ਵਤ ਫੁੱਟ-ਫੁੱਟ, ਝਲਕਾਂ-ਝਲਕਾਰੇ ਮਾਰ-ਮਾਰ ਬਾਹਰ ਨੂੰ ਆਉਂਦੇ ਮਹਾਨ ਫਲਸਫੀ ਫ਼ੈਸਲੇ ਉਨ੍ਹਾਂ ਨੂੰ ਇਕ ਅਜਿਹਾ ਯੁਗਨਾਇਕ ਕਰਦੇ ਜਾਂਦੇ ਹਨ ਜਿਨ੍ਹਾਂ ਦੇ ਸਮਾਨ ਭਾਲ ਸਕਣਾ ਅਸੰਭਵ ਹੈ। ਉਨ੍ਹਾਂ ਦੇ ਕੇਸਰੀ ਜੀਵਨ-ਕਰਮ ਤੇ ਫਲਸਫਾ, ਦੂਰ ਦ੍ਰਿਸ਼ਟ ਨਿਰਣੇ ਉਨ੍ਹਾਂ ਨੂੰ ਇਕ ਪ੍ਰਕਾਰ ਦਾ ਵੱਡ-ਅੰਬਰ-ਆਕਾਰੀ ਆਭਾ-ਮੰਡਲੀ ਸਰੂਪ ਬਖ਼ਸ਼ ਦੇਂਦੇ ਹਨ ਜਿਸ ਨੂੰ ਧੁੰਦਲਾ ਕਰ ਸਕਣਾ ਅੱਜ ਤੱਕ ਵੀ ਕਿਸੇ ਸਮਿਆਂ ਦੀ ਧੂੜ ਦੇ ਵੱਸ ਵਿਚ ਨਹੀਂ ਆਇਆ ਸਗੋਂ ਇਸ ਨੂੰ ਸਮੂੰਹ ਸਮਿਆਂ ਦੀ ਧਾਰ ਨੇ ਹੋਰ ਚਮਕਾਇਆ ਹੈ, ਉਭਾਰਿਆ ਹੈ ਅਤੇ ਉਸਾਰਿਆ ਹੈ।

ਆਪਣੇ ਮਹਾਂਨਾਇਕ ਸੰਬੰਧੀ ਇਹ ਵਿਚਾਰ ਅਰੰਭਦਿਆਂ, ਉਨ੍ਹਾਂ ਸਮਿਆਂ ਦੇ ਸਮਾਜਕ ਹਾਲਾਤ ਨੂੰ ਸਰਬਪ੍ਰਥਮ ਸੰਖੇਪ ਰੂਪ ਵਿਚਾਰਨਾ ਪੈਂਦਾ ਹੈ। ਇਹ ਉਹ ਸਮਾਂ ਸੀ ਜਦ ਤਖ਼ਤ 'ਤੇ ਕਾਬਜ਼ ਮੁਗਲੀਆ ਸਲਤਨਤ, ਜਿਸ ਦਾ ਲਹਿੰਦਾ ਪੱਖ ਅਰੰਭ ਹੁੰਦਾ ਹੋਇਆ ਉਹ ਘ੍ਰਿਣਤ ਨੀਚਤਾਵਾਂ ਨੂੰ ਪਹੁੰਚ ਚੁੱਕੀ ਹੈ। ਉਹ ਜ਼ੁਲਮ ਦੇ ਜ਼ੋਰ ਨਾਲ ਆਪਣੇ ਮਜ਼ਹਬ ਨੂੰ ਫੈਲਾਉਂਦੀ ਹੈ। ਉਸ ਦੇ ਸਤਾਏ ਤੇ ਰੋਜ਼-ਰੋਜ਼ ਦੇ ਲਹੂ-ਪੀਣੇ ਕਾਰਕੁੰਨਾਂ ਦੇ ਤੜਫਾਏ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਕੋਈ ਹੋਰ ਰਾਹ ਨਾ ਲੱਭਤਾ ਵੇਖ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਣ ਫਰਿਆਦੀ ਹੁੰਦਾ ਹੈ ਕਿ ਉਨ੍ਹਾਂ ਦੀ ਜਾਨ ਬਖ਼ਸ਼ੀ ਕਰਾਈ ਜਾਵੇ, ਅਥਵਾ ਉਨ੍ਹਾਂ ਨੂੰ ਅਪਾਰ ਪਨਾਹ ਵਿਚ ਲੈ ਕੇ ਅਨੇਕ ਪ੍ਰਕਾਰ ਦੇ ਅਸਹਿ ਤੇ ਅਕਹਿ ਸਦਮਿਆਂ ਤੋਂ ਢਾਲ-ਚੰਦੋਏ ਦਾ ਰਕਸ਼ਾ-ਕਵਚ ਪ੍ਰਦਾਨ ਕਰ ਕੇ ਉਨ੍ਹਾਂ ਨੂੰ ਵੇਲੇ ਦੇ ਹਾਕਮਾਂ ਵੱਲੋਂ ਚੜ੍ਹਾਈਆਂ ਜਾਂਦੀਆਂ ਵਹੀਰਾਂ ਤੋਂ ਮੁਕਤ ਕਰਾਇਆ ਜਾਵੇ।

ਉਨ੍ਹਾਂ ਸਮਿਆਂ ਦਾ ਇਤਿਹਾਸ, ਸਾਖੀ ਭਰਦਿਆਂ ਅਮਿਟ ਸਨਦੀ ਪ੍ਰਮਾਣ ਵਜੋਂ ਭੁਗਤਦਾ ਇਕ ਭਰਵੀਂ ਅਵਾਜ਼ੇ ਗਵਾਹੀਆਂ ਪਾਉਂਦਾ ਨਜ਼ਰ ਆ ਜਾਂਦਾ ਹੈ; ਜਦ ਆਪਣੇ ਮਹਾਨ ਮਾਣਯੋਗ ਪੂਜਨੀਕ ਪਿਤਾ ਜੀ ਨੂੰ ਬਾਲ ਗੋਬਿੰਦ ਰਾਇ ਬਾਹਰੋਂ ਖੇਡਦੇ ਆਉਂਦਿਆਂ ਸੋਚੀਂ ਪਿਆਂ ਵੇਖ ਇਕ ਆਪ-ਮੁਹਾਰਾ ਪ੍ਰਸ਼ਨ ਉਤਪੰਨ ਕਰਦੇ ਹਨ। 'ਆਪ ਜੀ ਇਉਂ ਗੰਭੀਰ ਕਿਉਂ ਬੈਠੇ ਹੋ?' ਤਾਂ ਉਹ ਸਾਹਮਣੇ ਆਣ ਪਹੁੰਚੇ ਹਾਲਾਤ ਨੂੰ ਬਾਲ ਗੋਬਿੰਦ ਰਾਇ ਦੇ ਸਨਮੁੱਖ ਕਰਦੇ ਹਨ ਕਿ ਇਸ ਵੇਲੇ ਕਿਸੇ ਮਹਾਂਪੁਰਖ ਦੀ ਸ਼ਹਾਦਤ ਦੀ ਮੰਗ ਹੋ ਰਹੀ ਹੈ ਜਿਹੜੀ ਇਨ੍ਹਾਂ ਸੁਆਲੀਆਂ ਦੇ ਮਾਲ-ਧਨ, ਇੱਜ਼ਤ-ਆਬਰੂ ਤੇ ਸਮਾਜੀ ਸਭਿਆਚਾਰ ਨੂੰ ਬਚਾਉਣ ਦਾ ਸਾਧਨ ਤੇ ਉਪਾਅ ਬਣ ਸਕੇ। ਇਹੋ ਜਿਹੇ ਕਠਿਨਾਈ ਪੂਰਣ ਚਿੰਤਾ-ਗ੍ਰਸਤ ਹਾਲਾਤ ਦੀ ਜਾਣਕਾਰੀ ਪ੍ਰਾਪਤ ਕਰ ਕੇ ਉਸੇ ਸਮੇਂ ਬਾਲ ਗੋਬਿੰਦ ਰਾਇ ਸੁੱਤੇ-ਸਿੱਧ ਹੀ ਹਾਲਾਤ ਤੋਂ ਉਤਪੰਨ ਹੁੰਦੀਆਂ ਲੋੜਾਂ ਨੂੰ ਪੂਰਿਆਂ ਕਰਨ ਦੇ ਯੋਗ ਇਕੋ ਇਕ ਉੱਚ ਹਸਤੀ ਦਾ ਮਹਾਨਤਮ ਰੁੱਤਬਾ ਦੇਂਦੇ ਹਨ ਜੋ ਉਨ੍ਹਾਂ ਦੀ ਸਰਬਾਂਗੀ ਆਨ-ਸ਼ਾਨ ਦੀ ਰਾਖੀ ਕਰ ਸਕਦਾ ਹੋਵੇ।

ਉਨ੍ਹਾਂ ਦਾ ਇਹ ਸੁਤੇ-ਸਿੱਧ ਉਚਾਰਿਆ ਫੁਰਨਾ ਆਪਣੇ ਮੂਲ ਰੂਪ ਵਿਚ ਉਨ੍ਹਾਂ ਦੇ ਬਾਲ-ਜੀਵਨ ਤੋਂ ਹੀ ਇਕ ਅਜਿਹੇ ਬਾਲ-ਮਨ ਵੱਲ ਭਰਵਾਂ ਇਸ਼ਾਰਾ ਕਰ ਜਾਂਦਾ ਹੈ ਜਿਸ ਨੂੰ ਕਿਸੇ ਪ੍ਰਕਾਰ ਵੀ ਸਧਾਰਨ ਬਾਲਕ ਨਹੀਂ ਕਿਹਾ ਜਾ ਸਕਦਾ। ਅਸੀਂ ਨਿੱਤ ਵੇਖਦੇ ਹਾਂ ਕਿ ਆਮ ਬਾਲਕ ਨਿੱਕੀਆਂ-

ਨਿੱਕੀਆਂ ਖੇਡਾਂ ਨੂੰ ਖੇਡਦੇ ਬਹੁਤ ਖੱਚਤ ਹੋਏ ਰੁੱਝੇ ਰਮੇ ਨਜ਼ਰ ਆਉਂਦੇ ਹਨ। ਪਰ ਇਨ੍ਹਾਂ ਦੇ ਮੁਕਾਬਲੇ ਬਾਲ ਗੋਬਿੰਦ ਰਾਇ ਇਕ ਅਸੀਮ ਪ੍ਰਤਿਭਾ-ਸੰਪੰਨ ਬਾਲਕ ਹੋਣ ਦਾ ਬੜਾ ਭਰਵਾਂ ਬਲਸ਼ਾਲੀ ਪ੍ਰਮਾਣ ਦੇਂਦੇ ਹਨ। ਜਦ ਉਹ ਆਪਣੇ ਮਹਾਨ ਪਿਤਾ ਨੂੰ ਸ਼ਹਾਦਤ ਦਾ ਵਿਚਾਰ ਅੰਗੀਕਾਰ ਕਰਨ ਦਾ ਸੁਝਾਓ ਸਹਿਜੇ ਹੀ ਦੇ ਜਾਂਦੇ ਹਨ ਉਨ੍ਹਾਂ ਦਾ ਇਹ ਫੁਰਨੱਈ ਸੁਝਾਓ ਸਾਨੂੰ ਇਸ ਪ੍ਰਕਾਰ ਦਾ ਵਡਿਆਈਆਂ ਮੱਤਾ ਬਾਲ-ਫ਼ੈਸਲਾ ਬਣ ਕੇ ਨਜ਼ਰੀਂ ਆਉਂਦਾ ਹੈ ਜੋ ਉਨ੍ਹਾਂ ਦੀ ਯੁਗਾਂਤਰੀ ਹਸਤੀ ਦੇ ਵੱਡ-ਵਡੇਰੇ ਉਸਾਰ ਦਾ ਪਹਿਲਾ ਤੇ ਪੱਕਾ ਵਾਰ ਬਣਦਾ ਹੈ ਜਿਸ ’ਤੇ ਨੌਂਵੇ ਪਾਤਸ਼ਾਹ ਦਿੱਲੀ ਜਾ ਕੇ ਆਪਣੀ ਸ਼ਹਾਦਤ ਦੇਂਦੇ ਹਨ ਤੇ ਨਾਲੋ-ਨਾਲ ਹੀ ਅਗਲੀਆਂ ਵਡੇਰੀਆਂ ਪੰਧਾਊ ਨੀਹਾਂ-ਲੀਹਾਂ ਬਣਨੀਆਂ ਅਰੰਭ ਹੋ ਜਾਂਦੀਆਂ ਹਨ।


ਇਹ ਇਤਿਹਾਸਕ ਕਾਲ-ਖੰਡ, ਰਾਜਨੀਤਕ ਤੌਰ ’ਤੇ ਵਿਚਾਰਿਆਂ ਏਕਾਧਿਕਾਰੀ ਰਾਜਸ਼ਾਹੀ ਦਾ ਹੈ। ਇਸ ਦੀਆਂ ਸੈਂਕੜੇ ਉਦਾਹਰਣਾਂ ਮਿਲਦੀਆਂ ਹਨ ਕਿ ਤਾਨਾਸ਼ਾਹੀ ਏਕਾਧਿਕਾਰੀ ਰਾਜ ਪ੍ਰਬੰਧ ਆਪਣੇ ਆਪ ਵਿਚ ਰਾਜ-ਸੱਤਾ ਦੇ ਅੰਨ੍ਹੇ ਨਸ਼ਿਆਂ ਵਿਚ ਚੂਰ, ਮਦਮਾਤੇ ਸਿਰਫ ਸਵੈ ਨੂੰ ਹੀ ਸੁਆਰਦੇ ਰਾਜਿਆਂ ਤੇ ਰਾਜ-ਘਰਾਣਿਆਂ ਦਾ ਰਾਜਤੰਤਰ ਰਿਹਾ ਹੈ। ਇਸ ਵਿਚ ਲੋਕਾਂ ਦਾ ਲਹੂ ਪੀਣ ਤੇ ਫਿਰ ਡਕਾਰ ਵੀ ਨਾ ਮਾਰਨ ਦੀਆਂ ਅਤੀ ਮਾੜੀਆਂ ਪਰੰਪਰਾਵਾਂ ਰਹੀਆਂ ਹਨ। ਇਹ ਰਾਜ-ਸੱਤਾ ਦੇ ਘੋਰ ਕਾਲੇ ਅੰਨ੍ਹੇ ਦੌਰ ਰਹੇ ਹਨ ਜਦ ਸੱਤਾ-ਧਾਰੀ ਆਪਣੇ ਨੱਕ ਤੋਂ ਵੀ ਅੱਗੇ ਵੇਖ ਸਕਣੋਂ ਅਸਮਰੱਥ ਰਹੇ। ਜੇ ਉਨ੍ਹਾਂ ਕੁਝ ਵੇਖਿਆ ਤਾਂ ਆਪਣਾ ਹਰਮ ਵੇਖਿਆ। ਜੇ ਉਸ ਵਿਚ ਕੋਈ ਕਮੀ ਆਈ ਤਾਂ ਸਮਾਜਕ ਫੁਲਵਾੜੀ ਵਿਚੋਂ ਜਿਸ ਵੀ ਫੁੱਲ ’ਤੇ ਮਨ ਆਇਆ ਉਸ ਨੂੰ ਧੂਹ ਭੂਰ ਕੇ ਜਬਰ ਜੋਰੀ ਧੱਕੇ ਨਾਲ ਆਪਣੇ ਹਰਮ ਦਾ ਸ਼ਿੰਗਾਰ ਬਣਾਉਣ ਦੇ ਕਾਲੇ ਕਾਰਿਆਂ ਨੂੰ ਕਰ ਵਿਖਾਇਆ। ਬਾਕੀ ਰਾਜ ਪ੍ਰਬੰਧ ਤੇ ਅਖੌਤੀ ਲੋਕ-ਭਲਾਈ ਦੇ ਕਾਰਜ-ਕਰਮ ਉਨ੍ਹਾਂ ਦੇ ਕੁਝ ਅਮੀਰਾਂ-ਵਜ਼ੀਰਾਂ ਦੇ ਰਹਿਮ ’ਤੇ ਆਸ਼ਰਤ ਰਹੇ ਤੇ ਉਹ ਵੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਅਤੇ ਆਪਣੇ ਕਾਲੇ ਕਾਰਿਆਂ ਨੂੰ ਲੁਕਾਉਣ ਲਈ। ਉਹ ਆਪ ਅੰਨ੍ਹੀਆਂ ਰੰਗ-ਰਲੀਆਂ ਵਿਚ ਗਲਤਾਨ ਰਹੇ।

ਮੁਗਲਈ ਰਾਜਸ਼ਾਹੀ ਦਾ ਅਰੰਭ ਭਾਰਤ ਦੇਸ਼ ਵਿਚ ਬਾਬਰ ਨਾਲ ਹੁੰਦਾ ਹੈ ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ **‘ਪਾਪ ਕੀ ਜੰਞ’** ਦਾ ਨਾਮ ਦੇਦਿਆਂ **‘ਜੋਰੀ ਮੰਗੈ ਦਾਨੁ ਵੇ ਲਾਲੋ’** ਦੇ ਫੁਰਮਾਣ ਨਾਲ ਉਸ ਦੇ ਮਾੜੇ ਕਿਰਦਾਰ ਨੂੰ ਨੰਗਿਆਂ ਕੀਤਾ ਹੈ। ਪਹਿਲੇ ਕੁਝ ਮੁਗ਼ਲ ਰਾਜੇ ਆਪਣੇ ਰਾਜ ਦੀ ਸਥਾਪਤੀ ਤੇ ਵਡੇਰੇ ਫੈਲਾਓ ਦੇ ਵਲ-ਚੱਕਰ ਵਿਚ ਘੁੰਮਦੇ ਹੋਏ ਇਸੇ ਵਿਚ ਰੁੱਝੇ ਰਹੇ। ਉਨ੍ਹਾਂ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਹਰ ਪ੍ਰਕਾਰ ਦੇ ਜਾਇਜ਼-ਨਜਾਇਜ਼ ਹਰਬਿਆਂ ਦੀ ਵਰਤੋਂ ਕੀਤੀ। ਔਰੰਗਜ਼ੇਬ ਤੱਕ ਆਉਂਦਿਆਂ ਇਹ ਰਾਜ ਸਥਾਪਤ ਹੋ ਕੇ, ਉਸ ਦੀਆਂ ਮਾੜੀਆਂ ਨੀਤੀਆਂ ਕਾਰਨ ਫਿਰ ਢਹਿੰਦੀ ਕਲਾ ਵੱਲ ਜਾ ਚੁੱਕਾ ਸੀ ਤੇ ਦਿੱਲੀ ਦੇ ਤਖ਼ਤ ਵਿਰੁੱਧ ਬਗਾਵਤਾਂ ਦਾ ਹੋਣਾ ਕੋਈ ਨਵੀਂ ਗੱਲ ਨਹੀਂ ਰਹੀ ਸੀ। ਉਸ ਨੂੰ ਲੰਮਾ ਸਮਾਂ ਇਨ੍ਹਾਂ ਬਗਾਵਤਾਂ ਨੂੰ ਦਬਾਉਣ ਵਿਚ ਲਗਾਉਣਾ ਪਿਆ। ਇਸੇ ਕਾਰਨ ਉਹ ਰਾਜਤੰਤਰ ਦੇ ਹੋਰਾ ਕੰਮਾਂ ਵੱਲ ਧਿਆਨ ਹੀ ਨਾ ਦੇ ਸਕਿਆ ਅਤੇ ਪੰਜਾਬ ਵਿਚ ਉਸ ਸਮੇਂ ਦੇ ਸਥਾਨਕ ਹਾਕਮ ਸੂਬੇਦਾਰ ਆਪਣੀਆਂ ਮਨਮਾਨੀਆਂ ਲਈ ਅਜ਼ਾਦ ਹੋ ਗਏ। ਇਹ ਅਜ਼ਾਦੀ ਇਸ ਪ੍ਰਕਾਰ ਬਿਨਾਂ ਕੁੰਡੇ ਦੇ ਸੀ ਕਿ ਸਰਹੰਦ ਵਿਚ ਸੂਬੇ ਦੀਆਂ ਹੁਕਮਾਂ ਨਾਲ ਦੋ ਮਸੂਮ ਜਿੰਦਾਂ ਨੂੰ ਨੀਹਾਂ ਵਿਚ ਚਿਣਾ ਦਿੱਤਾ ਗਿਆ। ਇਸ ਪ੍ਰਕਾਰ ਦੇ ਦਿਨ-ਦਿਹਾੜੇ ਹੋਏ ਲਹੂ-ਡੋਲ੍ਹਵੇਂ ਜ਼ੁਲਮ ਹੋਰ ਆਮ ਲੋਕਾਂ ਤਾਂ ਕੀ, ਰਾਜਸ਼ਾਹੀ ਦੀ ਆਪਣੀ ਕੌਮ ਦੇ ਲੋਕ ਵੀ ਅਥਵਾ ਸਹੀ ਸੋਚ ਵਾਲੇ ਮੁਸਲਮਾਨ ਵੀ ਇਸ ਜ਼ੁਲਮ ਨੂੰ ਠੀਕ ਨਾ ਕਹਿ ਸਕੇ। ਹਕੀਮ ਅੱਲਾ ਯਾਰ ਖਾਂ ਜੋਗੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਾਵਿਬਧ ਕਰਨਾ ਇਸ ਦੀਆਂ ਉੱਘੜਵੀਆਂ ਮਿਸਾਲਾਂ ਵਿਚੋਂ ਇਕ ਹੈ। ਨਵਾਬ ਮਲੇਰਕੋਟਲਾ ਵੀ ਉਸ ਵੇਲੇ ਠੀਕ ਸੋਚ ਨੂੰ ਅੰਗੀਕਾਰ ਕਰਦਿਆਂ ਹਾਅ ਦਾ ਨਾਹਰਾ ਮਾਰਨੋਂ ਨਾ ਰਹਿ ਸਕਿਆ।

ਦਸਮ ਪਾਤਸ਼ਾਹ ਇਕ ਸੋਚ-ਸਾਗਰ ਤੇ ਅਥਾਹ ਗਿਆਨਵਾਨ ਫਲਸਫੀ ਵਿਦਵਾਨ ਸਨ। ਉਨ੍ਹਾਂ ਅਨੁਸਾਰ ਇਹ ਗਲਤੀ ਤੇ ਹੋਰ ਅਨੇਕ ਗਲਤੀਆਂ ੇ ਕਾਧਿਕਾਰੀਤ ੍ਨਾਸ਼ਾਹੀਪ ੍ਬੰਧਦ ੀਆਂਅ ਤੀਮ ੍ਹੜੀਆਂ ਹਰਕਤਾਂ ਸਨ। ਇਕ ਵਿਦਵਾਨ ਇਨ੍ਹਾਂ ਕਾਰਿਆਂ ਕਾਲਖਾਂ ਨੂੰ ਸਦਾ ਲਈ ਮੇਟ ਦੇਣ ਲਈ ਆਪਣੀਆਂ ਸਮੂੰਹ ਸੋਚਾਂ ਸਮੇਤ ਕਾਰਜਸ਼ੀਲ ਹੁੰਦਿਆਂ ਇਕ ਗਲਤ ਸੱਤਾ-ਕੇਂਦਰ ਨੂੰ ਸਦਾ ਲਈ ਢਾਹੁਣ ਹਿੱਤ, ਇਸ ਦੀ ਥਾਂ ਪੰਚ-ਪ੍ਰਧਾਨੀ ਸੰਗਤੀ ਸੋਚ, ਰਲ ਕੇ ਤੁਰਨ ਵਾਲੇ, ਚੰਗਾ ਮਾੜਾ, ਉੱਚਾ ਨੀਵਾਂ ਸਭ ਕੁਝ ਵਿਚਾਰ ਸਮਝ ਕੇ, ਪੰਜ ਸੁਲਝੇ ਦਿਮਾਗਾਂ ਦੀਆਂ ਰੋਸ਼ਨ-ਸੋਚਾਂ ਨਾਲ ਰਲ ਕੇ ਫ਼ੈਸਲੇ ਲੈਣ। ਉਨ੍ਹਾਂ ਨੂੰ ਨਿਭਾਉਣ ਅਥਵਾ ਉਨ੍ਹਾਂ ਦੇ ਸਿੱਟਿਆਂ ਨੂੰ ਰਲ ਕੇ ਸਿਰ ਝੱਲਣ ਲਈ ਤਨੋ-ਮਨੋ-ਧਨੋ ਕ੍ਰਿਤ-ਸੰਕਲਪ ਸੰਗਠਤ ਕੁਰਬਾਨੀ-ਪੁੰਜ ਸੂਰਬੀਰਾਂ ਨੂੰ ਅੱਗੇ ਲਿਆ ਹਰ ਹਾਲਤਾ ਵਿਚ ਕਾਰਜ ਕਰਨ, ਅੱਗੇ ਵਧਣ ਦੀ ਥਾਪਣਾ ਦੇ ਦਿੱਤੀ। ਨਿਸ਼ਚੇ ਹੀ ਇਹ ਪੰਜ ਰੋਸ਼ਨ ਕੁਰਬਾਨੀ ਕਰਤੇ ਇਕ ਵਿਚਾਰ ਆਧਾਰਤ ਜੁਜ਼ਬੰਦੀ ਵਿਚ ਜੁੜੇ ਤੇ ਜੁੜ ਕੇ ਕਾਰਜ ਕਰਦੇ ਦਸਮ ਪਾਤਸ਼ਾਹ ਦਾ ਯੁੱਗਾਂ-ਯੁੱਗਾਂ ਤੱਕ ਚੱਲਦਾ ਰਹਿਣ ਵਾਲਾ ਫਲਸਫੀ ਫ਼ੈਸਲਾ ਸੀ। ਇਉਂ ਦਸਮ ਪਿਤਾ ਨੇ ਆਪਣੀ ਬੁਲੰਦ ਸੋਚ ਕਾਰਜਸ਼ੀਲਤਾ ਕਰਦਿਆਂ ਤੇ ਤਾਨਾਸ਼ਾਹੀ ਨੂੰ ਵਿਚਾਰ ਧਰਾਤਲ ਤੇ ਫਿਰ ਕਰਮ ਧਰਾਤਲ ’ਤੇ ਅਤੇ ਸਦਾ ਸਦਾ ਲਈ ਖ਼ਤਮ ਕਰ ਵਿਖਾਇਆ।

ਦਸਮ ਪਾਤਸ਼ਾਹ ਨੂੰ ਫਲਸਫੀ-ਨਾਇਕ ਪ੍ਰਤਿਸ਼ਟਤ ਕਰਨ ਵਾਲਾ ਉਨ੍ਹਾਂ ਦਾ ਵਡ-ਦਰਸ਼ਨੀ ਫ਼ੈਸਲਾ, ਗੁਰੂ-ਗ੍ਰੰਥ ਅਤੇ ਗੁਰੂ-ਪੰਥ ਨੂੰ ਗੁਰਿਆਈ ਦੇਣ ਦਾ ਹੈ। ਗਹੁ ਨਾਲ ਵਿਚਾਰ ਕਰਦਿਆਂ ਅਸੀਂ ਆਪਣੇ ਅੱਜ ਦੇ ਚਾਰ-ਚੁਫੇਰੇ ਵਿਚਰਦੇ ਦੇਹਧਾਰੀ ਗੁਰੂਆਂ, ਉਨ੍ਹਾਂ ਦੇ ਗੱਦੀਨਸ਼ੀਨਾਂ ਦੀਆਂ ਕ੍ਰਿਆ-ਕਲਾਪਾਂ ਨੂੰ ਧਿਆਨ ਵਿਚ ਲਿਆ ਕੇ, ਉਨ੍ਹਾਂ ਦੀਆਂ ਵੱਡ-ਵਡੇਰੀਆਂ ਮਿਲਖ-ਜਗੀਰਾਂ, ਕਈ-ਕਈ ਕਾਰਾਂ, ਉਨ੍ਹਾਂ ਦੇ ਵਾਤਾਨੁਕੂਲ ਭਵਨਾਂ ਤੇ ਆਚਰਣਕ ਗਿਰਾਵਟਾਂ ਨੂੰ ਵੇਖ ਸਮਝ ਸਕਦੇ ਹਾਂ ਕਿ ਮਨੁੱਖ ਦਾ ਕਿਸੇ ਨਾ ਕਿਸੇ ਜੀਵਨ ਮੋੜ ’ਤੇ ਡੋਲ ਜਾਣਾ ਸਦਾ ਸਦਾ ਹੀ ਸੰਭਵ ਰਹਿੰਦਾ ਹੈ। ਸੇਵਾ-ਸਾਧਨਾ ਅਧਿਐਨ ਤੇ ਤਪ-ਤੇਜ ਦੀਆਂ ਵਡਿਆਈਆਂ ਤੋਂ ਵਿਰਵੇ ਸੱਭੋ ਗੱਦੀਧਾਰੀ ਮਨੁੱਖੀ-ਦੋਸ਼ਾਂ ਲੋਭ, ਮੋਹ, ਹੰਕਾਰ ਤੇ ਸਭ ਤੋਂ ਵਧੇਰੇ ਘਾਤਕ ਕਾਮ-ਬਿਰਤੀ ਤੋਂ ਉੱਪਰ ਉਠਦੇ ਨਹੀਂ ਵੇਖੇ ਜਾ ਸਕਦੇ।

ਇਸ ਤੋਂ ਬਿਨਾਂ ਗੱਦੀਆਂ ਦੀ ਪ੍ਰਾਪਤੀ ਲਈ ਜੋ ਜੋੜ-ਤੋੜ ਚਲਦੇ ਰਹਿੰਦੇ ਹਨ ਜਦ ਇਹ ਜੋੜ-ਤੋੜ ਸਫ਼ਲ ਨਹੀਂ ਹੁੰਦੇ ਤਾਂ ਇਹ ਮਾਰ-ਕਾਟ ਵਿਚ ਵੀ ਬਦਲਦੇ ਵੇਖੇ ਜਾਂਦੇ ਹਨ। ਇਸ ਸਭ ਨੂੰ ਦਸਮ ਪਾਤਸ਼ਾਹ, ਇਨ੍ਹਾਂ ਦੇ ਸਭ ਵਰਤਾਰਿਆਂ ਨੂੰ ਇਨ੍ਹਾਂ ਦੇ ਮਾਰੂ ਨੁਕਸਾਨਾਂ ਨੂੰ ਪੂਰੀ ਤਰ੍ਹਾਂ ਜਾਣਦੇ ਹੋਏ ਇਸ ਨੂੰ ਬਦਲਦਿਆਂ ਨਵਾਂ-ਨਵੇਲਾ ਰੂਪ ਦੇਣ ਲਈ ਸੋਚ-ਸੰਪੰਨ ਹੋਏ। ਉਨ੍ਹਾਂ ਨੇ ਇਕ ਗੁਰ-ਗੱਦੀ ਦੀਆਂ ਬਾਈ ਮੰਜੀਆਂ ਵੀ ਬਣਦੀਆਂ ਪਾਈਆਂ ਸਨ ਤੇ ਮਸੰਦਾਂ ਦੀ ਮਾੜੀ ਪਰੰਪਰਾ ਦੇ ਵੀ ਉਹ ਭਲੀ-ਭਾਂਤ ਜਾਣਕਾਰ ਸਨ। ਇਉਂ ਹੀ ਗੁਰੂ-ਕੁਲਾਂ ਵਿਚ ਗੱਦੀ ਨਾ ਮਿਲਣ ’ਤੋਂ ਜੋ ਕਾਰਗੁਜ਼ਾਰੀਆਂ ਲੰਮੇ



ਸਮਿਆਂ ਤੱਕ ਗੱਦੀ ਨਾ ਮਿਲਣ ਵਾਲਿਆਂ ਵੱਲੋਂ ਜਾਰੀ ਰਹੀਆਂ ਅਥਵਾ ਮੀਣੇ, ਧੀਰਮੱਲੀਏ ਉਨ੍ਹਾਂ ਨੂੰ ਵਿਸਰੇ ਹੋਏ ਨਹੀਂ ਸਨ।

ਇਸ ਤੋਂ ਵਧੇਰੇ ਸ਼ਬਦ-ਗੁਰੂ ਅਤੇ ਵਿਚਾਰ-ਗੁਰਦੇਵ ਦੇ ਵਡੇਰੇ ਪਾਵਨ ਪਵਿੱਤਰ ਸੂਰਜੀ ਸੰਕਲਪ ਦੀ ਸਥਾਪਨਾ ਕਰ ਦੇਣਾ ਉਨ੍ਹਾਂ ਦਾ ਮਹਾਨਤਮ ਫਲਸਫੀ ਕਰਮ ਸੀ ਜਿਸ ਵਿਚ ਸ਼ਬਦ-ਗੁਰੂ ਸਰਬ ਸਮਰੱਥ ਗੁਰੂ ਦੇ ਹਰ ਪ੍ਰਕਾਰ ਦੇ ਅਥਾਹ ਅਸੀਮ ਗੁਣ ਤੇ ਵਡਿਆਈਆਂ ਸ਼ਾਮਲ ਸਨ ਤੇ ਦੇਹਧਾਰੀ ਗੁਰੂਆਂ ਵਾਲੀਆਂ ਹਰ ਪ੍ਰਕਾਰ ਦੀਆਂ ਖਾਮੀਆਂ ਇਸ ਵਿਚੋਂ ਆਪਣੇ ਆਪ ਹੀ ਖਾਰਜ ਹੋ ਜਾਂਦੀਆਂ ਹਨ। ਦਮਸ ਪਾਤਸ਼ਾਹ ਦਾ ਇਹ ਫ਼ੈਸਲਾ ਹੈ ਜਿਸ ਦੁਆਰਾ ਸ਼ਬਦ-ਵਿਚਾਰ ਵਿਧਾਨ ਤੇ ਚਿੰਤਨ ਪਰਵਾਨ ਧਾਰਾ ਨੂੰ ਸਹੀ ਉਚਿਤ ਨਿਰਮਾਣ ਤੇ ਸਥਾਪਨਾ ਮਾਣ ਮਿਲਿਆ ਜਿਸ ਨੇ ਕੁੱਲ ਆਲਮ ਵਿਚ ਇਕ ਵਿਸ਼ੇਸ਼ ਗੁਣ-ਨਿਰਮਤ ਗੁਰ-ਪੱਧਤੀ ਨੂੰ ਸਾਖੀ ਸਾਰਥਕ ਕਰ ਵਿਖਾਇਆ, ਵਿਦਮਾਨ ਕਰ ਸਜਾਇਆ।

ਇਸ ਦੇ ਨਾਲ-ਨਾਲ ਇਥੇ ਕਈ ਕੁਝ ਅਜਿਹਾ ਵੀ ਰਿਹਾ ਹੈ ਜਿਹੜਾ ਹੋਰ ਪਰੰਪਰਾਈ ਭਾਰਤੀ ਧਾਰਮਕ ਪਰਿਪਾਟੀਆਂ ਵਿਚ ਨਹੀਂ ਮਿਲਦਾ। ਦਸਮ-ਪਾਤਸ਼ਾਹ ਇਸ ਦਿਸ਼ਾ ਵਿਚ ਬਹੁਤ ਅਗੇਰੇ ਨਿਕਲ ਗਏ ਜਦੋਂ ਆਪਣੇ ਆਪ ਨੂੰ ਆਪਣੇ ਚੇਲਿਆਂ ਸ਼ਿਸ਼ਾਂ ਅਰਥਾਤ ਪੰਜ ਪਿਆਰਿਆਂ ਦੇ ਸਨਮੁੱਖ ਆਜਿਜ਼ੀ ਨਾਲ ਸਮਰਪਤ ਕਰ ਕੇ ਉਨ੍ਹਾਂ ਕੋਲੋਂ ਅੰਮ੍ਰਿਤ ਦੀ ਦਾਤ ਮੰਗ ਕੇ ਲਈ ਅਤੇ ਆਪ ਸਾਹਿਬ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਸਜ ਗਏ। ਉਨ੍ਹਾਂ ਦਾ ਇਹ ਮਹਾਨ ਇਨਕਲਾਬੀ ਨਿਰਣਾ ਜਿਸ ਨੇ ਗੁਰੂ ਚੇਲੇ ਦੇ ਤਵਾਰੀਖੀ ਰੁਝਾਨ ਨੂੰ ਚੇਲੇ ਦੇ ਗੁਰੂ ਰੂਪ ਹੋਣ ਨਾਲ ਸਸ਼ੋਭਤ ਕਰ ਦਿੱਤਾ।

ਜਦੋਂ ਇਸ ਅਜੋਕੇ ਦੌਰ ਵੱਲ ਸਾਡਾ ਧਿਆਨ ਜਾਂਦਾ ਹੈ ਜਿਥੇ ਅਸੀਂ ਅਨੇਕ ਗੁਰੂਆਂ ਨੂੰ ਆਪਣੇ ਅਣਗਿਣਤ ਚੇਲਿਆਂ ਕੋਲੋਂ ਮੱਥੇ ਟਿਕਾਉਂਦੇ, ਮੱਥੇ ਰਗੜਾਉਂਦੇ ਵੇਖਦੇ ਹਾਂ ਤੇ ਪੈਰਾਂ ਹੇਠ ਹੱਥ ਧਰਾਉਂਦੇ ਵੇਖਦੇ ਹਾਂ ਤਾਂ ਇਕ ਵਾਰ ਬੜੀ ਸ਼ਿੱਦਤ ਨਾਲ ਸਾਨੂੰ ਇਹ ਪ੍ਰਤੀਤ ਹੋਣ ਲੱਗਦਾ ਹੈ ਕਿ ਸਾਡੇ ਮਹਾਂ ਚਿੰਤਕ ਗੁਰੂ ਸਾਹਿਬ ਜੀ ਨੇ ਆਪਣੇ ਆਪ ਨੂੰ ਆਪਣੇ ਹੀ ਚੇਲਿਆਂ ਦੇ ਅੱਗੇ ਅਰਪਤ ਕਰ ਕੇ, ਖਲ੍ਹਿਆਰ ਕੇ ਜਿਵੇਂ ਗੁਰੂ-ਪਰੰਪਰਾ ਨੂੰ ਪੁੱਠਾ ਗੇੜਾ ਦੇ ਦਿੱਤਾ ਹੋਵੇ! ਪਰ ਇਹ ਇਸ ਦੀ ਇਕ ਪੱਖੀ ਵਿਆਖਿਆ ਹੈ ਜੋ ਕਈ ਵਾਰ ਕੁਝ ਸਤਹੀ ਤੇ ਸਰਸਰੀ ਭਾਂਤ ਦੀ ਵਿਆਖਿਆ ਲੱਗਦੀ ਹੈ ਅਤੇ ਇਸ ਦੇ ਅਗਲੇ ਅਰਥ ਇਸ ਨਾਲੋਂ ਕਿਤੇ ਵਧੇਰੇ ਗੂਹੜੇ, ਗੰਭੀਰ ਤੇ ਵਿਸ਼ਾਲ ਹਨ। ਉਨ੍ਹਾਂ ਨੇ ਵੀ ਆਪਣੇ ਦੌਰ ਵਿਚ ਕਈ ਪਾਖੰਡੀ ਕਰਮਕਾਂਡੀ ਸੇਵਾਵਾਂ ਮੰਗਦੇ ਗੁਰੂ ਵੇਖੇ ਹੋਣਗੇ।

ਇਉਂ ਮਹਾਂ ਚਿੰਤਕ ਦਸਮ ਪਾਤਸ਼ਾਹ ਨੇ ਅਜਿਹੇ ਗੁਰੂਆਂ ਦੀ ਨਿਰੰਕੁਸ਼ਤਾ, ਗਲਤ ਪ੍ਰਕਾਰਾਂ ਦੀਆਂ ਪੂਜਾਵਾਂ ਅਰਚਨਾਵਾਂ ਤੇ ਮੰਗਾਂ ਨੂੰ ਵਡੇਰਾ ਡੱਕਾ ਲਾ ਦਿੱਤਾ ਕਿ ਗੁਰੂ ਬੇਸ਼ਕ ਆਪਣੇ ਸ਼ਿਸ਼ਾਂ ਦਾ ਘਾੜਾ ਹੈ, ਸਿਰਜਕ ਹੈ ਪਰ ਜਦੋਂ ਉਹ ਆਪਣੇ ਅਸਲ ਜਲੌ ਵਿਚ ਆ ਜਾਂਦੇ ਹਨ ਤਾਂ ਉਨ੍ਹਾਂ ਦੀ ਪੰਚਾਇਤ ਸਰਬ ਅਧਿਕਾਰ ਸੰਪੰਨ ਹੋ ਜਾਂਦੀ ਹੈ ਉਨ੍ਹਾਂ ਦੀ ਹਸਤੀ ਸੁਤੰਤਰ ਹੋ ਜਾਂਦੀ ਹੈ ਤੇ ਸਰਬ ਸ਼ਕਤੀ ਸੰਪੂਰਨ ਹੋ ਜਾਂਦੀ ਹੈ। ਜਦੋਂ ਉਹ ਇਕ ਨਾ ਹੋ ਕੇ ਪੰਜ ਕੁਰਬਾਨੀ ਪੁੰਜ ਹੋਣ ਤਾਂ ਫਿਰ ਕਿਸੇ ਸ਼ੱਕ ਦੀ ਗੁੰਜਾਇਸ਼ ਹੀ ਕਿਥੇ ਬਚਦੀ ਹੈ? ਹੋਰ ਲੋਕ ਤਾਂ ਕੀ ਉਨ੍ਹਾਂ ਦਾ ਸਿਰਜਕ ਬਾਪ ਵੀ ਉਨ੍ਹਾਂ ਤੋਂ ਉੱਪਰ ਨਹੀਂ ਰਹਿ ਜਾਂਦਾ।

ਇਸੇ ਵਿਚਾਰ-ਵੱਥ ਨੂੰ ਅੱਗੇ ਤੋਰਦਿਆਂ ਅਸੀਂ ਵੇਖਦੇ ਹਾਂ ਕਿ ਲੋਕ ਹਰ ਸਮੇਂ ਵਿਚ ਆਪਣੀ ਸੰਤਾਨ ਨੂੰ ਬਹੁਤ ਮੋਹ-ਪਿਆਰ ਕਰਦੇ ਹਨ। ਉਸ ਲਈ ਜ਼ਮੀਨ ਅਸਮਾਨ ਇਕ ਕਰਦੇ ਹੋਏ, ਸਭ ਕੁਝ ਦਾਅ 'ਤੇ ਲਾਉਂਦਿਆਂ ਉਮਰਾਂ ਤੱਕ ਉਸ ਦੇ ਲੇਖੇ ਲਾ ਦੇਂਦੇ ਹਨ। ਪਰ ਯੁੱਗ-ਪੁਰਸ਼ ਗੁਰੂ ਗੋਬਿੰਦ ਸਿੰਘ ਜੀ ਇਕ ਪ੍ਰਕਾਰ ਦੇ ਪਿਤਾ ਹਨ ਜੋ ਲਾਲਾਂ ਨੂੰ ਆਪ ਤਿਆਰ ਕਰ ਕੇ ਸ਼ਹਾਦਤ ਲਈ ਤੋਰ ਦੇਂਦੇ ਹਨ। ਇਹ ਜੱਗੋਂ ਬਾਹਰਾ ਤੇ ਲੋਕ-ਰੀਤ ਤੋਂ ਵੱਖਰੀ ਭਾਂਤ ਦਾ ਕਰਮ ਹੈ ਜਿਹਨੂੰ ਮਹਾਂ ਚਿੰਤਕ ਗੁਰੂ ਗੋਬਿੰਦ ਸਿੰਘ ਜੀ ਹੀ ਕਰ ਕੇ ਵਿਖਾ ਸਕਦੇ ਸਨ। ਇਹ ਮਹਾਨ ਕਾਰਨਾਮੇ ਮਰਦ ਅਗੰਮੜੇ, ਗੁਰੂ ਗੋਬਿੰਦ ਸਿੰਘ ਜੀ ਹੀ ਕਰ ਸਕਦੇ ਸਨ ਜਿਨ੍ਹਾਂ ਤੋਂ ਸਦ-ਸਦ ਬਲਿਹਾਰ ਹਾਂ, ਰੋਮ-ਰੋਮ, ਨਮੋ-ਨਮੋ ਨਮਸਕਾਰ ਹੈ।

# ਖਿਦਰਾਣੇ ਦੀ ਢਾਬ ਤੋਂ ਮੁਕਤਸਰ

ਪ੍ਰੋ. ਗੁਰਨਾਮ ਸਿੰਘ

ਮੁਕਤਸਰ ਦਾ ਪਹਿਲਾ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ। ਇਸ ਅਸਥਾਨ 'ਤੇ ਵਰਖਾ ਦਾ ਪਾਣੀ ਚਾਰਾਂ ਪਾਸਿਆਂ ਤੋਂ ਆ ਕੇ ਇਕੱਤਰ ਹੋ ਜਾਂਦਾ ਜੋ ਸਾਲ ਭਰ ਦੂਰ-ਦੁਰਾਡੇ ਤਕ ਲੋਕਾਂ ਦੀ ਪਾਣੀ ਦੀ ਮੰਗ ਨੂੰ ਪੂਰਿਆਂ ਕਰਦਾ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਕਰਕੇ ਖਿਦਰਾਣੇ ਦੀ ਢਾਬ ਜਾਂ ਤਾਲ, ਪਾਣੀ ਦੀ ਮਹੱਤਤਾ ਕਰਕੇ ਪਹਿਲਾਂ ਹੀ ਕਾਫੀ ਇਲਾਕੇ ਵਿਚ ਜਾਣਿਆ-ਪਛਾਣਿਆ ਥਾਂ ਸੀ। ਫਿਰ ਇਸ ਅਸਥਾਨ ਨੂੰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੁਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਦੇ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਧਰਤੀ-ਪਾਵਨ ਹੋ ਕੇ ਮੁਕਤਸਰ ਅਖਵਾਈ। ਹੁਣ ਲੋਕ ਇਸ ਧਰਤੀ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫਲ ਕਰਦੇ ਹਨ। ਖਿਦਰਾਣੇ ਦੀ ਢਾਬ ਜਾਂ ਤਾਲ ਮੁਕਤਸਰ ਕਿਵੇਂ ਬਣੀ ? ਇਤਿਹਾਸਕ ਵਾਕਿਆ ਇਉਂ ਹੈ--

੧੭੦੧ ਈ. ਤਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਦਸਮੇਸ਼ ਪਿਤਾ ਦੀਆਂ ਲਾਡਲੀਆਂ ਫੌਜਾਂ ਦੀ ਤਾਕਤ ਤੋਂ ਉਹ ਭਲੀ-ਭਾਂਤ ਜਾਣੂੰ ਸਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਆਖਰੀ ਵਾਰ ਦੋ ਹੱਥ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਤੋਂ ਫੌਜੀ ਮੱਦਦ ਦੀ ਮੰਗ ਕੀਤੀ। ਔਰੰਗਜ਼ੇਬ ਆਪ ਤਾਂ ਉਸ ਸਮੇਂ ਦੱਖਣ ਦੀ ਮੁਹਿੰਮ 'ਤੇ ਸੀ ਪਰ ਉਸ ਨੇ ਪਹਾੜੀ ਰਾਜਿਆਂ ਦੀ ਮੱਦਦ ਲਈ ਸਰਹਿੰਦ - ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ-ਲਾਹੌਰ ਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਮਿਲ ਕੇ ਆਨੰਦਪੁਰ ਸਾਹਿਬ ਨੂੰ ਚੁਫੇਰੇ ਤੋ ਘੇਰਾ ਪਾ ਲਿਆ। ਕਿਉਂਕਿ ਦਸਮੇਸ਼ ਪਿਤਾ ਦੇ ਸੂਰਮੇ ਬਹਾਦਰ ਸਿੰਘਾਂ ਨੇ ਪਹਿਲਾਂ ਕਈ ਵਾਰ ਮੈਦਾਨੇ ਜੰਗ ਵਿਚ ਪਹਾੜੀ ਰਾਜਿਆਂ ਦੀਆਂ ਦੌੜਾਂ ਲਗਾਈਆਂ ਸਨ, ਉਨ੍ਹਾਂ ਆਹਮੋ-ਸਾਹਮਣੇ ਲੜਾਈ ਨਾਲੋਂ ਘੇਰਾ ਬੰਦੀ ਤੇ ਜ਼ਿਆਦਾ ਜ਼ੋਰ ਦਿੱਤਾ।

੧੭੦੪ ਈ. ਗਰਮੀ ਦੇ ਮਹੀਨਿਆਂ ਵਿਚ ਬਾਰਸ਼ਾਂ ਨਾਲ ਦੁਸ਼ਮਣ ਫੌਜਾਂ ਦਾ ਬੁਰਾ ਹਾਲ ਹੋਣ ਲੱਗਾ। ਸਮੇਂ-ਸਮੇਂ ਖਾਲਸਾ ਫੌਜਾਂ ਹਮਲਾ ਕਰਕੇ ਦੁਸਮਣਾ ਦਾ ਜਾਨੀ ਨੁਕਸਾਨ ਕਰਦੀਆਂ ਰਸਦਾਂ ਦੀ ਲੁੱਟ-ਮਾਰ ਕਰ ਲੈਂਦੀਆਂ। ਖਾਲਸਾ ਫੌਜ ਦੇ ਅਚਾਨਕ ਹਮਲਿਆਂ ਕਰਕੇ ਦੁਸ਼ਮਣਾਂ ਦੇ ਹੌਸਲੇ ਪਸਤ ਹੋ ਚੁਕੇ ਸਨ। ਦੁਸ਼ਮਣ ਫੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾ ਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਪਾਲਤੂ-ਪਸ਼ੂਆਂ ਲਈ ਚਾਰੇ ਦੀ ਭਾਰੀ ਕਿੱਲਤ ਆ ਗਈ। ਬਹੁਤ ਸਾਰੇ ਬਹਾਦਰ ਸਿੰਘ ਤੇ ਪਾਲਤੂ ਪਸ਼ੂ ਭੁੱਖ ਦੀ ਭੇਟ ਚੜ੍ਹ ਗਏ। ਸਿਦਕੀ ਸਿੰਘਾਂ ਦੀ ਸਿਦਕ-ਸਬੂਰੀ ਦੀ ਪਰਖ ਹੋ ਰਹੀ ਸੀ। ਦੁਸ਼ਮਣ ਦੇ ਬਾਰ ਬਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ, ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।


ਗੁਰੂ ਜੀ ਨੇ ਪੰਚ ਪ੍ਰਧਾਨੀ ਸਿਧਾਂਤ ਨੂੰ ਸਥਾਪਤ ਕਰ, ਖਾਲਸੇ ਵਿਚ ਇਤਨਾ ਆਤਮ ਵਿਸ਼ਵਾਸ਼, ਜੁਰਅਤ ਭਰ ਦਿੱਤੀ ਸੀ ਕਿ ਖਾਲਸਾ ਸਮੇਂ ਸਮੇਂ ਗੁਰੂ ਜੀ ਨੂੰ ਨਿਝਕ ਹੋ ਸਲਾਹ, ਸੁਝਾਅ ਤੇ ਰਾਇ ਦੇ ਸਕਦਾ ਸੀ। ਕੁਝ ਸਿੰਘਾਂ ਸਲਾਹ ਦਿੱਤੀ ਕਿਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਵੱਖ-ਵੱਖ ਸਮੇਂ ਯੁੱਧ ਦੇ ਢੰਗ ਤਰੀਕੇ ਅਲੱਗ ਅਲੱਗ ਹੁੰਦੇ ਹਨ। ਗੁਰੂ ਜੀ ਨੇ ਇਸ ਸਮੇਂ 'ਇੰਤਜ਼ਾਰ ਕਰੋ ਤੇ ਦੇਖੋ' ਦੀ ਪਾਲਸੀ 'ਤੇ ਚੱਲਣ ਲਈ ਕਿਹਾ। ਪਰ ਕੁਝ ਸਿੰਘ ਇਸ ਬਿਖੜੇ ਸਮੇਂ ਭੁਲੇਖੇ ਦਾ ਸ਼ਿਕਾਰ ਹੋ ਗਏ। ਮੁਸ਼ਕਲ ਦੀ ਘੜੀ ਮਨਮੁਖ ਬਣ ਗੁਰੂ ਜੀ ਦਾ ਸਾਥ ਛੱਡਣ ਲੱਗੇ। ਗੁਰਦੇਵ ਸਮਰੱਥ ਸਨ ਜੇਕਰ ਉਹ ਚਾਹੁੰਦੇ ਤਾਂ ਉਸ ਸਮੇਂ ਹੀ ਉਨ੍ਹਾਂ ਦਾ ਭੁਲੇਖਾ ਦੂਰ ਕਰ ਸਕਦੇ ਸਨ। ਪਰ ਗੁਰਦੇਵ ਜੀ ਨੇ ਖਾਲਸੇ ਨੂੰ ਸਰਬ-ਗੁਣ ਸੰਪਨ ਬਣਾਉਣਾ ਸੀ। ਭੁੱਲੇ ਨੂੰ ਭੁੱਲ ਦਾ, ਅਹਿਸਾਸ ਕਰਵਾ ਮਾਰਗ 'ਤੇ ਪਾਉਣਾ ਸੀ। ਇਕ ਨਵੀਂ ਮਿਸਾਲ ਬਣਨਾ ਸੀ। ਭੁੱਲ ਹਰ ਕੋਈ ਕਰ ਸਕਦਾ ਹੈ ਕਿਉਂਕਿ ਹਰਮਾਨਵ ਭੁੱਲਣਹਾਰ ਹੈ, ਕੇਵਲ ਕਰਤਾ ਹੀ ਅਭੁੱਲ ਹੈ:

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ (ਸਿਰੀਰਾਗੁ ਮ: ੧, ਪੰਨਾ ੬੧)

ਪੇਟ ਦੀ ਭੁੱਖ ਜੋ ਮਨੁੱਖ ਨੂੰ ਨੀਚ ਤੋਂ ਨੀਚ ਕਰਮ ਕਰਨ ਲਈ ਕਈ ਵਾਰ ਮਜਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉੱਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ ਕੁਝ ਸਿੰਘਾਂ (ਜਿਨ੍ਹਾਂ ਦੀ ਗਿਣਤੀ ਇਤਿਹਾਸ ਵਿਚ ੪੦ ਦੱਸੀ ਗਈ ਹੈ) ਗੁਰੂ ਤੋਂ ਬੇਮੁਖ ਹੋ ਆਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗੁਰੂ ਜੀ ਦੇ ਸਨਮੁੱਖ ਪੇਸ਼ ਹੋ ਇਨ੍ਹਾਂ ਸਿੰਘਾਂ ਨੇ ਬੇਨਤੀ ਕੀਤੀ : ਗੁਰਦੇਵ ਅਸੀਂ ਜਾਣਾ ਚਾਹੁੰਦੇ ਹਾਂ।

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ-ਅਸੀਂ ਛੱਡ ਕੇ ਜਾ ਰਹੇ ਹਾਂ- ਲਿਖ ਕੇ ਦੇ ਜਾਓ। ਸਿੰਘਾਂ






ਲਿਖ ਕੇ ਦੇ ਦਿੱਤਾ, ਜਿਸ ਨੂੰ ਇਤਿਹਾਸ ਵਿਚ 'ਬੇਦਾਵਾ' ਕਿਹਾ ਗਿਆ ਹੈ। ਇਨ੍ਹਾਂ ਸਿੰਘਾਂ ਨੇ ਆਨੰਦਪੁਰ ਨੂੰ ਛੱਡ ਘਰਾਂ ਵੱਲ ਨੂੰ ਮੂੰਹ ਕੀਤੇ। ਜਿਉਂ ਜਿਉਂ ਇਹ ਆਨੰਦਪੁਰ ਤੋਂ ਦੂਰ ਹੋਏ, ਇਨ੍ਹਾਂ ਨੂੰ ਗੁਰੂ -ਵਿਛੋੜੇ ਦੀ ਪੀੜਾ ਤੰਗ ਕਰਨ ਲੱਗੀ। ਕਈ ਵਾਰ ਪਿਆਰ ਦਾ ਅਹਿਸਾਸ ਵਿਛੋੜੇ ਵਿਚ ਹੀ ਹੁੰਦਾ ਹੈ। ਜਦ ਘਰੀਂ ਪਹੁੰਚੇ ਤਾਂ ਇਨ੍ਹਾਂ ਨੂੰ ਸ਼ਰਮਿੰਦਗੀ ਨੇ ਪੂਰੀ ਤਰ੍ਹਾਂ ਆ ਘੇਰਿਆ, ਪਰ ਹੁਣ ਸਮਾਂ ਲੰਘ ਚੁਕਿਆ ਸੀ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਤੰਗ ਆ ਚੁਕੇ ਸਨ। ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇਸ_ਬੇਦਾਰਾਂਨ ੇਅ ਾਪਣੇਦ ਸਤਖ਼ਤਾਂਾਹ ੇਠਬ ਾਦਸ਼ਾਹਵ ੱਲਪ ਰਵਾਨਾ ਭੇਜਿਆ ਕਿ 'ਜੇਕਰ ਗੁਰੂ ਜੀ ਆਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ' ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂੰ ਸਨ ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਲਾਹ ਮਸ਼ਵਰੇ ਪਿੱਛੋਂ ਆਨੰਦਪੁਰ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ। ਦੁਸ਼ਮਣ ਫੌਜਾਂ ਨੇ ਇਕਰਾਰ ਤਹਿਤ ਦਰਿਆ ਸਤਲੁਜ ਦੇ ਪਾਸਿਓਂ ਕੁਝ ਰਸਤਾ ਦੇ ਦਿੱਤਾ।

ਰਾਤ ਦੇ ਪਹਿਲੇ ਪਹਿਰ ਗੁਰਦੇਵ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਅਨੰਦਮਈ ਧਰਤ ਨੂੰ ਹਮੇਸ਼ਾ ਹਮੇਸ਼ਾ ਲਈ ਛੱਡ ਦਿੱਤਾ। ਆਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਦੀ ਹੀ ਦੇਰ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ-ਇਕਰਾਰ ਭੁੱਲ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਜਿਥੇ ਵਿਸ਼ਵ ਦਾ ਅਨੋਖਾ ਸਭ ਤੋਂ ਅਸਾਵਾਂ ਯੁੱਧ ਹੋਇਆ। ਚਮਕੌਰ ਦੀ ਗੜ੍ਹੀ ਵਿਚ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਾਛੀਵਾੜੇ ਦੇ ਜੰਗਲਾਂ ਵਿਚ 'ਮਿਤਰ ਪਿਆਰੇਨੂੰ ਹਾਲ ਮੁਰੀਦਾਂ' ਦਾ ਸੁਣਾ, ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ-ਪਹੁੰਚਾ, ਕਪੂਰੇ ਤੋਂ ਹੁੰਦੇ ਹੋਏ ਗਰਮੀ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਟਿੱਡੀ ਦਲ ਵੀ ਗੁਰੂ ਜੀ ਦੇ ਪਿੱਛੇ ਪਿੱਛੇ ਆ ਰਿਹਾ ਸੀ। ਖਿਦਰਾਣੇ ਦੀ ਢਾਬ ਖਾਲਸਾ ਫੌਜਾਂ ਦੇ ਘੇਰੇ ਵਿਚ ਸੀ। ਖਿਦਰਾਣੇ ਦੀ ਢਾਬ ਯੁੱਧ ਨੀਤੀ ਦੇ ਪੱਖੋਂ ਬਹੁਤ ਹੀ ਮਹੱਤਵਪੂਰਨ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣ ਫੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਦੇਖੋ ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਦੀ ਅਗਵਾਈ ਵਿਚ ਲੜ ਰਹੇ ਸਨ ਜੋ ਗੁਰਦੇਵ ਜੀ ਤੋਂ ਬੇਮੁਖ ਹੋ ਆਨੰਦਪੁਰ ਛੱਡ ਆਏ ਸਨ। ਗੁਰਦੇਵ ਪਿਤਾ ਸੂਰਮਿਆਂ ਨੂੰ ਰਣ ਤੱਤੇ ਵਿਚ ਜੂਝਦਿਆਂ ਤਕ ਖੁਸ਼ ਹੋ ਰਹੇ ਸਨ। ਸਮੇਂ ਸਮੇਂ ਗੁਰਦੇਵ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਵਰਖਾ ਕਰਦੇ। ਦੁਸ਼ਮਣ ਫੌਜ ਅਣਗਿਣਤ ਤੇ ਸਿੰਘ ਗਿਣਤੀ ਦੇ ਪਰ ਇਕ ਪਾਸੇ ਗੁਰੂ ਪ੍ਰੀਤੀ ਤੇ ਦੂਸਰੇ ਪਾਸੇ ਮੁਲਾਜ਼ਮਤ। ਦਿਨ ਗਰਮੀ ਦੇ, ਪਾਣੀ ਦਾ ਕਬਜ਼ਾ ਸਿੰਘਾ ਦੇ ਹੱਥ, ਇਹ ਸਭ ਕਾਰਨ ਸਨ ਦੁਸ਼ਮਣ ਫੌਜਾਂ ਦੀ ਹਾਰ ਦੇ। ਮੈਦਾਨ ਖਾਲਸੇ ਨੇ ਫਤਹਿ ਕੀਤਾ।

ਦੁਸ਼ਮਣ ਫੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ ਜੰਗ ਵਿਚ ਆਏ। ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਹਰ ਸਿੰਘ ਦੀ ਪਵਿੱਤਰ ਦੇਹ ਦੇ ਪਾਸ ਜਾਂਦੇ ਤੇ ਸਿੰਘਾ ਦੇ ਮੁਖੜੇ ਸਾਫ ਕਰਦੇ ਅਤੇ ਬਖਸ਼ਿਸ਼ਾਂ ਕਰਦੇ : ਇਹ ਮੇਰਾ ਪੰਜ ਹਜ਼ਾਰੀ-ਇਹ ਮੇਰਾ ਦਸ ਹਜ਼ਾਰੀ-ਇਹ ਮੇਰਾ ਤੀਹ ਹਜ਼ਾਰੀ। ਬਖਸ਼ਿਸ਼ਾਂ ਕਰਦੇ ਗੁਰਦੇਵ ਪਿਤਾ ਪਹੁੰਚੇ ਭਾਈ ਮਹਾਂ ਸਿੰਘ ਦੇ ਪਾਸ, ਭਾਈ ਮਹਾਂ ਸਿੰਘ ਦੇ ਸੁਆਸ ਅਜੇ ਚੱਲ ਰਹੇ ਸਨ। ਗੁਰਦੇਵ ਨੇ ਸੂਰਮੇ ਸਿੰਘ ਦਾ ਮੁਖੜਾ ਸਾਫ ਕੀਤਾ ਤੇ ਮੂੰਹ ਵਿਚ ਪਾਣੀ ਪਾਇਆ। ਸੀਸ ਗੋਦ ਵਿਚ ਰੱਖਿਆ ਤੇ ਕਿਹਾ ਕਿ ਮੁਕਤਿ ਭੁਗਤਿ ਜੁਗਤਿ ਸਭ ਹਾਜ਼ਰ ਹੈ...ਮੰਗ ਭਾਈ ਮਹਾਂ ਸਿੰਘ। ਜੋ ਚਾਹੁੰਦਾ ਹੈਂ?

ਭਾਈ ਮਹਾਂ ਸਿੰਘ ਗਿੜਗਿੜਾਇਆ, ਦਸਮੇਸ਼ ਪਿਤਾ! ਦਰਸ਼ਨਾਂ ਦੀ ਸਿਕ ਸੀ, ਪੂਰੀ ਹੋ ਗਈ-

ਨਹੀਂ, ਪਿਆਰੇ ਮਹਾਂ ਸਿੰਘ ਕੁਝ ਹੋਰ-!

ਗੁਰਦੇਵ ਪਿਤਾ ਜੇ ਤੁਠੇ ਹੋ ਕਿਰਪਾ ਨਿਧਾਨ ਤਾਂ ਸਾਡੀ ਟੁੱਟੀ ਮੇਲ ਲਵੋ-ਕਾਗਜ਼ ਦਾ ਉਹ ਟੁਕੜਾ ਪਾੜ ਦਿਓ। ਜੋ ਅਸੀਂ ਦੇ ਆਏ ਸਾਂ-!


ਧੰਨ ਹਨ ਗੁਰਦੇਵ ਪਿਤਾ ਜਿਨ੍ਹਾਂ ਇਤਨੇ ਬਿਖੜੇ ਸਮੇਂ ਵੀ ਉਹ ਕਾਗਜ਼ ਦਾ ਟੁਕੜਾ ਕਿਧਰੇ ਗੁੰਮ ਨਹੀਂ ਹੋਣ ਦਿੱਤਾ। ਭਾਈ ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ ਟੁਕੜੇ-ਟੁਕੜੇ ਕਰ ਦਿੱਤਾ। ਭਾਈ ਮਹਾਂ ਸਿੰਘ ਨੇ ਭੁੱਲਾਂ ਭਖਸ਼ਾਂ ਸ਼ੁਕਰੀਆਂ ਅੰਦਾਜ਼ ਵਿਚ ਹੱਥ ਉੱਪਰ ਚੁੱਕੇ ਤੇ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸੰਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਬੇਦਾਵੀਏ ਸਿੰਘ ਮੁਕਤ ਹੋਏ ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਅਖਵਾਈ।

ਆਓ! ਅਸੀਂ ਵੀ ਸਭ ਗੁਰੂ ਵੱਲ ਮੁਖ ਕਰੀਏ, ਗੁਰਮਤਿ ਸਿਧਾਤਾਂ ਅਨੁਸਾਰ ਜੀਵਨ ਜੀਵੀਏ। ਕਰਮਕਾਂਡਾਂ, ਮੜ੍ਹੀਆਂ-ਮਸਾਣਾਂ ਨੂੰ ਮੰਨਣਾ, ਸਖ਼ਸ਼ੀ ਪੂਜਾ ਕਰਨੀ ਵੀ ਤਾਂ ਗੁਰੂ ਤੋਂ ਬੇਮੁਖ ਹੋ ਬੇਦਾਵੀਏ ਬਣਨ ਵਾਲੀ ਗੱਲ ਹੈ! ਆਓ! ਸਭ ਗੁਰੂ ਚਰਨਾਂ 'ਚ ਅਰਦਾਸ ਕਰੀਏ, ਗੁਰਦੇਵ ਸਾਨੂੰ ਗੁਰਮਤਿ ਮਾਰਗ 'ਤੇ ਚੱਲਣ ਦਾ ਬਲ ਉਤਸ਼ਾਹ ਬਖਸ਼ਿਸ਼ ਕਰਨ ਤਾਂ ਜੋ ਅਸੀਂ ਸਤਿਗੁਰੂ ਦੀ ਗੋਦ ਦਾ ਨਿੱਘ ਮਾਣ ਸਕੀਏ!

# ਸ਼ਹੀਦ ਬਾਬਾ ਦੀਪ ਸਿੰਘ ਜੀ

**ਡਾ. ਕੁਲਦੀਪ ਸਿੰਘ ਹਉਰਾ**

ਸਿੱਖ ਕੌਮ ਦਾ ਅਮੀਰ ਵਿਰਸਾ ਸ਼ਹਾਦਤ ਹੈ। ਜਿਤਨੀਆਂ ਸ਼ਹਾਦਤਾਂ ਇਸ ਕੌਮ ਦੇ ਵਡਿੱਕਿਆਂ ਨੇ ਦੇ ਕੇ ਸਿੱਖੀ ਦੀ ਨੀਂਹ ਪੱਕੀ ਕੀਤੀ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇਤਨੀਆਂ ਸ਼ਹਾਦਤਾਂ ਦਿੱਤੀਆਂ ਹੋਣਗੀਆਂ! ਸਿੱਖ ਸ਼ਹੀਦ ਦੀ ਵਿਲੱਖਣ ਕਾਰਦਾਰੀ ਇਹ ਹੈ ਕਿ ਉਹ 'ਸ਼ਹੀਦੀ' ਨੂੰ ਸਦਾ ਯਾਦ ਰੱਖਦੇ ਰਹੇ ਹਨ ਤੇ ਵਕਤ ਪੈਣ 'ਤੇ ਸ਼ਹੀਦੀ ਦੇਣ ਤੋਂ ਕਿਸੇ ਨੇ ਕਦੇ ਮੂੰਹ ਨਹੀਂ ਮੋੜਿਆ। ਕਾਰਨ ਇਹ ਹੈ ਕਿ ਉਨ੍ਹਾਂ ਕਦੇ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਨਹੀਂ ਭੁਲਾਇਆ ਸੀ, ਸਗੋਂ ਉਨ੍ਹਾਂ ਦੀ ਰਸਨਾ 'ਤੇ ਸਦਾ 'ਉਸਦਾ' ਨਾਮ ਤੇ ਦਿਲ ਵਿਚ ਬਦੀ ਨਾਲ ਸਦਾ ਯੁੱਧ ਕਰਨ ਦਾ ਚਾਅ ਰਹਿੰਦਾ ਸੀ। ਇਸੇ ਲਈ ਗੁਰੂ ਕਲਗੀਧਰ ਜੀ ਦੇ ਕਥਨ 'ਜਬ ਆਵ ਕੀ ਆਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ।' ਗੁਰੂ ਕਲਗੀਧਰ ਜੀ ਦੇ ਕਥਨ ਅਨੁਸਾਰ ਸਾਹਿਬਜ਼ਾਦੇ ਤੇ ਸ਼੍ਰੋਮਣੀ ਸਿੱਖ ਵੀ ਸ਼ਹੀਦੀਆਂ ਤੋਂ ਕਦੇ ਡਰੇ ਤ੍ਰਿਸਕੇ ਨਹੀਂ, ਸਗੋਂ ਜਦ ਵੀ ਐਸਾ ਮੌਕਾ ਆਇਆ ਉਨ੍ਹਾਂ ਹੱਸ-ਹੱਸ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਧਰਮ ਤੇ ਕੌਮ ਨਾਲੋਂ ਜਾਨਾਂ ਕਦੇ ਵੀ ਪਿਆਰੀਆਂ ਨਹੀਂ ਸਮਝੀਆਂ।



ਐਸੇ ਹੀ ਮਹਾਨ ਸ਼ਹੀਦ ਤੇ ਵਿਦਵਾਨ ਬਾਬਾ ਦੀਪ ਸਿੰਘ ਜੀ ਦਾ ਜਨਮ ੨੬ ਜਨਵਰੀ ੧੬੮੨ ਨੂੰ ਪਹੂਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਭਾਈ ਭਗਤਾਂ ਜੀ ਦੇ ਘਰ ਮਾਤਾ ਜਿਊਣੀ ਦੀ ਸੁਭਾਗ ਕੁੱਖੋਂ ਹੋਇਆ। ਆਪ ਭਰ ਜਵਾਨੀ ਦੀ ਆਯੂ ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਹਾਜ਼ਰ ਹੋ ਗਏ ਤੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

ਬਚਪਨ ਤੋਂ ਜਵਾਨੀ ਤਕ ਆਪ ਨੇ ਕਸਰਤਾਂ ਕਰਕੇ ਆਪਣਾ ਜੁੱਸਾ ਕਮਾਇਆ ਹੋਇਆ ਸੀ। ਆਨੰਦਪੁਰ ਆ ਕੇ ਆਪ ਨੇ ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ ਤੇ ਘੋੜ-ਸਵਾਰੀ ਦੇ ਕਰਤਬ ਸਿੱਖੇ। ਇਸ ਤਰ੍ਹਾਂ ਆਪ ਰਿਸ਼ਟ-ਪੁਸ਼ਟ ਸੁਹਣੇ ਜਵਾਨ ਬਣੇ। ਜਿਸ ਖੇਡ ਖੇਡਣ ਦੀ ਤਿਆਰੀ ਬਾਬਾ ਦੀਪ ਸਿੰਘ ਜੀ ਕਰ ਰਹੇ ਸਨ, ਉਹ ਖੇਡ ਅੱਗੇ ਕਿਸੇ ਖਿਡਾਰੀ ਨੇ ਨਹੀਂ ਸੀ ਖੇਡੀ ਤੇ ਨਾ ਹੀ ਕਿਸੇ ਨੂੰ ਪਤਾ ਸੀ ਕਿ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ! ਆਪ ਗੁਰੂ ਸਾਹਿਬ ਦੇ ਧਰਮ-ਯੁੱਧਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਆਪ ਗੁਰੂ ਮਹਿਲਾਂ ਨਾਲ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਦਿਲੀ ਆ ਗਏ। ਜਦੋਂ ਹਾਲਾਤ ਕੁਝ ਸਾਜ਼ਗਾਰ ਹੋਏ ਤਾਂ ਆਪ ਗੁਰੂ-ਮਹਿਲਾਂ ਨਾਲ ਮੁੜ ਪੰਜਾਬ ਵਾਪਸ ਆ ਗਏ ਤੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਆਪ ਬੜੇ ਨੇਮੀ-ਪ੍ਰੇਮੀ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਕਿਆਮ ਕਰ ਰਹੇ ਸਨ ਤਾਂ ਆਪ ਨੇ ਬਾਬਾ ਦੀਪ ਸਿੰਘ ਨੂੰ ਉਥੇ ਬੁਲਾ ਭੇਜਿਆ। ਜਦੋਂ ਆਪ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਭਾਈ ਮਨੀ ਜੀ ਦੇ ਨਾਲ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਨ ਦੇ ਆਦੇਸ਼ ਦਿੱਤੇ। ਦੱਖਣ ਵਾਲੇ ਪਾਸੇ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਆਪ ਨੂੰ ਗੁਰੂ-ਮਹਿਲਾਂ ਪਾਸ ਛੱਡ ਗਏ।

ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿਛੋਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਆਏ ਤਾਂ ਬਾਬਾ ਜੀ ਵੀ ਆਪ ਦੀ ਫੌਜ ਵਿਚ ਸ਼ਾਮਲ ਹੋ ਗਏ ਅਤੇ ਸਰਹੰਦ, ਸਢੌਰਾ ਆਦਿ ਥਾਵਾਂ 'ਤੇ ਲੜੀਆਂ ਗਈਆਂ ਲੜਾਈਆਂ ਵਿਚ ਬੜੀ ਬੀਰਤਾ ਨਾਲ ਲੜੇ ਤੇ ਜ਼ਾਲਮਾਂ ਦੇ ਆਹੂ ਲਾਹੇ। ਇਸ 'ਤੇ ਆਪ ਸਿੱਖ ਫੌਜਾਂ ਵਿਚ ਪਹਿਲੀ ਕਤਾਰ ਦੇ ਸੂਰਬੀਰਾਂ ਵਿਚ ਗਿਣੇ ਜਾਣ ਲੱਗੇ।

ਲੜਾਈਆਂ ਤੋਂ ਜ਼ਰਾ ਵਿਹਲ ਮਿਲੀ ਤਾਂ ਬਾਬਾ ਜੀ ਫੇਰ ਦਮਦਮਾ ਸਾਹਿਬ ਆ ਗਏ। ਉਥੇ ਰਹਿ ਕੇ ਆਪ ਨੇ ਬੜੀ ਰੀਝ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ-ਲਿਖਤ ਉਤਾਰੇ ਕੀਤੇ। ਉਪਰੰਤ ਫੇਰ ਆਪ ਗੁਰਮਤਿ ਪ੍ਰਚਾਰ ਵਿਚ ਜੁਟ ਗਏ। ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਪੰਜਾਬ ਵਿਚ ਸਿੰਘ ਹੀ ਉਸ ਦੇ ਸਾਹਮਣੇ ਟਿਕੇ ਜੋ ਉਸ ਨਾਲ ਦੋ-ਦੋ ਹੱਥ ਕਰਦੇ ਰਹੇ। ਅਬਦਾਲੀ ਨੂੰ ਪਤਾ ਲਗ ਚੁੱਕਾ ਸੀ ਕਿ ਜਦ ਤਕ ਸਿੱਖ ਉਸ ਦੇ ਰਾਹ ਵਿਚੋਂ ਨਹੀਂ ਹਟਦੇ, ਉਸ ਦਾ ਹਿੰਦੁਸਤਾਨ 'ਤੇ ਕਬਜ਼ਾ ਕਰਨ ਦਾ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ। ਸੋ ਉਸਨੇ ਤੈਮੂਰ ਸ਼ਾਹ ਨੂੰ ਆਖ ਕੇ ਸਿੱਖਾਂ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਹਰਿਮੰਦਰ ਸਾਹਿਬ ਉਤੇ ਹਮਲਾ ਕਰਕੇ ਇਸ ਪਰਮ ਧਰਮ-ਸਥਾਨ ਦੀ ਬੇਅਦਬੀ ਕੀਤੀ। ਇਹ ਦੁਖਦਾਈ ਖ਼ਬਰ ਸੁਣ ਕੇ ਬਾਬਾ ਦੀਪ ਸਿੰਘ ਜੀ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਉਨ੍ਹਾਂ ਦੇ ਡੌਲੇ ਫਰਕੇ ਅਤੇ ਉਨ੍ਹਾਂ ਨੇ ਜ਼ਾਲਮਾਂ ਨੂੰ ਸੋਧਣ ਲਈ ਕਮਰ-ਕੱਸੇ ਕੀਤੇ ਅਤੇ ਸ੍ਰੀ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਦਮਦਮਾ ਸਾਹਿਬ ਤੋਂ ਕੁਝ ਹੋਰ ਸਿਰਲੱਥ ਯੋਧੇ ਆਪ ਨਾਲ ਰਲ ਪਏ ਜੋ ਪੜਾਅ-ਦਰ-ਪੜਾਅ ਤਰਨਤਾਰਨ ਆ ਪੁੱਜੇ। ਰਸਤੇ ਵਿਚ ਹੋਰ ਸੂਰਬੀਰ ਸਿੰਘ ਵੀ ਆਪ ਜੀ ਨਾਲ ਸ਼ਾਮਿਲ ਹੁੰਦੇ ਗਏ। ਆਪ ਨੇ ਸਾਥੀਆਂ ਨੂੰ ਸੁਚੇਤ ਕਰਦਿਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੇ ਨਾਲ ਉਹੀ ਰਲੇ ਜਿਸ ਨੂੰ ਸਿਰ ਪਿਆਰਾ ਨਾ ਹੋਵੇ, ਗੁਰੂ ਪਿਆਰਾ ਹੋਵੇ! ਆਪ ਨੇ ਕਿਹਾ, "ਮੈਂ ਅੱਜ ਸੰਸਾਰ ਨੂੰ ਐਸੀ ਖੇਡ ਖੇਡ ਕੇ ਵਿਖਾਵਾਂਗਾ ਕਿ ਲੋਕ ਹੈਰਾਨ ਰਹਿ ਜਾਣਗੇ।" ਇਹ ਖੇਡ ਸੀ, 'ਸਿਰ ਤਲੀ 'ਤੇ ਰੱਖ ਕੇ ਲੜਨ ਦੀ।' ਇਸ ਖੇਡ ਦਾ ਅਭਿਆਸ ਉਹ ਕੁਝ ਸਮੇਂ ਤੋਂ ਕਰ ਰਹੇ ਸਨ ਤੇ

ਅੱਜ ਪ੍ਰਦਰਸ਼ਨੀ ਕਰਨ ਦਾ ਸਮਾਂ ਆ ਗਿਆ ਸੀ। ਸੋ ਉਨ੍ਹਾਂ ਆਪਣੀ ਖੇਡ ਵਿਚ ਸ਼ਾਮਿਲ ਹੋਣ ਵਾਲੇ ਬਾਕੀ ਸੰਗੀਆਂ-ਸਾਥੀਆਂ ਨੂੰ ਸੁਚੇਤ ਕਰਦਿਆਂ ਹੋਇਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੀ ਟੀਮ ਵਿਚ ਉਹ ਹੀ ਸ਼ਾਮਿਲ ਹੋਵੇ, ਜਿਸ ਸਿਰ ਤਲੀ ਉਤੇ ਰੱਖਿਆ ਹੋਵੇ! ਬਾਬਾ ਜੀ ਨੇ ਖੰਡੇ ਨਾਲ ਜ਼ਮੀਨ ਉਤੇ ਇਕ ਲਕੀਰ ਖਿੱਚ ਕੇ, ਉਨ੍ਹਾਂ ਸੂਰਬੀਰਾਂ ਨੂੰ ਲਕੀਰ ਟੱਪ ਆਉਣ ਲਈ ਲਲਕਾਰਿਆ, ਜਿਨ੍ਹਾਂ ਨੇ ਸਿਰ ਧਰਮ ਦੇ ਲੇਖੇ ਲਾਉਣਾ ਹੋਵੇ! ਇਤਿਹਾਸ ਅਨੁਸਾਰ ਬਾਬਾ ਜੀ ਦੇ ਸਾਥੀਆਂ ਵਿਚੋਂ ਇਕ ਵੀ ਐਸਾ ਨਾ ਰਿਹਾ, ਜਿਸ ਖੁਸ਼ੀ-ਖੁਸ਼ੀ ਲਕੀਰ ਨਾ ਟੱਪੀ ਹੋਵੇ।



ਇਨ੍ਹਾਂ ਸੂਰਬੀਰਾਂ ਸਿਰਲੱਥ ਯੋਧਿਆਂ ਨਾਲ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵੱਲ ਨੂੰ ਵਧਦੇ ਚਲੇ ਆ ਰਹੇ ਸਨ। ਅੱਗੋਂ ਚਾਲੀ ਹਜ਼ਾਰ ਗਿਲਜੇ ਵੀ ਉਨ੍ਹਾਂ ਨੂੰ ਸ਼ਹੀਦੀ-ਸੱਦਾ ਦੇਣ ਲਈ ਤਿਆਰ ਸਨ। ਬਾਬਾ ਜੀ ਗਿਣਤੀ ਦੇ ਕੁਝ ਕੁ ਸਾਥੀਆਂ ਸਮੇਤ ਆਪਣੀ ਖੇਡ ਖੇਡਦੇ ਹੋਏ ਤਰਨਤਾਰਨ ਤੋਂ ਅੰਮ੍ਰਿਤਸਰ ਵੱਲ ਵਧਦੇ ਆ ਰਹੇ ਸਨ ਕਿ ਸੂਰਮਗਤੀ ਦੀ ਅਤਿ ਪ੍ਰਸ਼ੰਸ਼ਾਯੋਗ ਤੇ ਹੈਰਾਨੀਜਨਕ ਕਿਰਿਆ ਕਰਕੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਅੱਜ ਤੱਕ ਲੋਕਾਂ ਨੇ ਅਜਿਹੀ ਖੇਡ ਨਹੀਂ ਸੀ ਵੇਖੀ ਜਿਹੋ ਜਿਹੀ ਅੱਜ ਵੇਖ ਰਹੇ ਸਨ। ਲੜਦਿਆਂ ਹੋਇਆਂ ਬਾਬਾ ਜੀ ਦੀ ਗਰਦਨ ਉਤੇ ਇਕ ਤਕੜਾ ਤੇ ਮਾਰੂ ਜ਼ਖ਼ਮ ਲੱਗਾ ਪਰ ਆਪ ਨੇ ਉਸ ਕਾਰੀ ਫੱਟ ਦੀ ਪਰਵਾਹ ਨਾ ਕਰਦਿਆਂ ਹੋਇਆਂ, ਆਪਣੇ ਖੱਬੇ ਹੱਥ ਦਾ ਸਹਾਰਾ ਦੇ ਕੇ ਸੱਜੇ ਹੱਥ ਨਾਲ ਯੁੱਧ ਜਾਰੀ ਰੱਖਿਆ। ਵੇਖਣ ਵਾਲੇ ਐਸੀ ਸੂਰਮਗਤੀ ਵੇਖਕੇ ਹੈਰਾਨੀ ਤੇ ਡਰ ਨਾਲ ਉਂਗਲਾਂ ਮੂੰਹ ਵਿਚ ਪਾ ਰਹੇ ਸਨ। ਇਹ ਸਿਰ ਤਲੀ 'ਤੇ ਰੱਖਣ ਦੀ ਖੇਡ ਅਨੋਖੀ ਤੇ ਵਚਿੱਤਰ ਸੀ। ਅੰਤ ਬਾਬਾ ਜੀ ਆਪਣੇ ਕੀਤੇ ਪ੍ਰਣ ਅਨੁਸਾਰ ਸ੍ਰੀ



ਅੰਮ੍ਰਿਤਸਰ ਵਿਖੇ ਪੁੱਜਣ ਵਿਚ ਸਫਲ ਹੋ ਗਏ। ਜਿਥੇ ਆਪ ਸ਼ਹੀਦ ਹੋਏ, ਉਥੇ ਆਪ ਦੀ ਯਾਦਗਾਰ ਕਾਇਮ ਹੈ। ਇਹ ਸਾਕਾ ੧੭੬੨ ਈਸਵੀ ਦਾ ਹੈ।

**"ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ"**

ਵਾਲੀ ਗੱਲ ਹੋਈ। ਬਾਬਾ ਜੀ ਦੀ ਅਦੁੱਤੀ ਸ਼ਹੀਦੀ ਨੇ ਸਿੰਘਾਂ ਵਿਚ ਐਸਾ ਜੋਸ਼ ਤੇ ਉਤਸ਼ਾਹ ਪੈਦਾ ਕੀਤਾ ਕਿ ਜੰਬੂਰਾਂ ਨਾਲ ਖੱਲਾਂ ਲੱਥੀਆਂ, ਚਰਖੜੀਆਂ ਉਤੇ ਚੜ੍ਹਨਾ ਪਿਆ, ਬੰਦ-ਬੰਦ ਕਟਾਏ ਗਏ ਅਤੇ ਹੋਰ ਅਕਹਿ ਤੇ ਅਸਹਿ ਕਸ਼ਟ ਝੱਲੇ ਪਰ ਜਿੱਤ ਸੱਚ ਤੇ ਧਰਮ ਦੀ ਹੋਈ ਅਤੇ ਪੰਜਾਬ ਉਤੇ ਸਿੱਖਾਂ ਦਾ ਰਾਜ ਹੋਇਆ, ਗੁਰੂ ਦੇ ਨਾਮ ਦਾ ਸਿੱਕਾ ਚੱਲਿਆ। ਬਾਬਾ ਦੀਪ ਸਿੰਘ ਜੀ ਨੂੰ ਧਰਮ ਦੀ ਰੱਖਿਆ ਕਰਨ, ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਅਤੇ ਕੌਮ ਦਾ ਸਿਰ ਉੱਚਾ ਰੱਖਣ ਲਈ ਸ਼ਹੀਦੀ ਦੇਣੀ ਪਈ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਚੜ੍ਹਦੀ ਕਲਾ ਵਾਲੇ ਚਲਾਏ ਹੋਏ ਕਾਰਜਾਂ ਵਿਚ ਬਾਬਾ ਜੀ ਨੇ ਪ੍ਰਸ਼ੰਸ਼ਾਯੋਗ ਯੋਗਦਾਨ ਪਾਇਆ ਤੇ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਪਿਛੋਂ ਵੀ ਪੰਥ ਦੀ ਸ਼ਾਨ ਕਾਇਮ ਰੱਖਣ ਲਈ ਜਾਨ ਪਿਆਰੀ ਨਹੀਂ ਕੀਤੀ ਸਗੋਂ ਸ੍ਵੈਮਾਨ ਕਾਇਮ ਰੱਖਦਿਆਂ ਹੋਇਆਂ ਗੁਰੂ ਸਾਹਿਬ ਦਾ ਮਹਾਨ ਵਾਕ

**"ਜਬ ਆਵ ਕੀ ਅਉਧ ਨਿਦਾਨ ਬਨੈ**
**ਅਤ ਹੀ ਰਨ ਮੈ ਤਬ ਜੂਝ ਮਰੋਂ"**

ਸੱਚ ਕਰ ਵਿਖਾਇਆ। ਬਾਬਾ ਦੀਪ ਸਿੰਘ ਜੀ ਨੇ ਆਪਣੇ ਸਮੇਂ ਦੀਆਂ ਪ੍ਰਚਲਤ ਬੋਲੀਆਂ ਫਾਰਸੀ, ਸੰਸਕ੍ਰਿਤ ਤੇ ਅਰਬੀ ਆਦਿ ਪੜ੍ਹੀਆਂ ਤੇ ਵੱਧ ਤੋਂ ਵੱਧ ਗਿਆਨ ਪ੍ਰਾਪਤੀ ਦਾ ਖਿਆਲ ਰੱਖਦਿਆਂ ਹੋਇਆਂ ਸ਼ਾਸ਼ਤਰਾਂ ਦਾ ਅਭਿਆਸ ਵੀ ਜਾਰੀ ਰੱਖਿਆ। ਆਪ ਨਿਰੇ ਯੋਧੇ ਹੀ ਨਹੀਂ ਸਨ, ਵਿਦਵਾਨ ਵੀ ਸਨ। ਆਪ ਬਾਰੇ ਕਿਹਾ ਜਾਂਦਾ ਹੈ ਕਿ ਆਪ ਨਿਤਨੇਮ ਤੋਂ ਛੁੱਟ ਵਿਹਲੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਿਆ ਕਰਦੇ ਸਨ। ਆਪ ਨੇ ਇਕ ਟਕਸਾਲੀ ਸਿੰਘ ਵਾਂਗ "ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ" ਵਾਲਾ ਨਮੂਨੇ ਦਾ ਜੀਵਨ ਬਤੀਤ ਕੀਤਾ।

# ਪੰਜਾਬ ਵਿੱਚ ਲੋਹੜੀ ਤਿਓਹਾਰ ਦਾ ਪਿਛੋਕੜ

**ਆਸਾ ਸਿੰਘ ਘੁੰਮਣ**

ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਮੁੱਢ ਕਦੀਮ ਤੋਂ ਖੇਤੀ ਦਾ ਕਾਰਜ ਮਰਦਾਂ ਦੇ ਹਿੱਸੇ ਆਇਆ ਹੈ। ਦੂਜਾ ਇਹ ਪ੍ਰਾਂਤ ਭਾਰਤ ਦੀ ਉਤਰ-ਪੱਛਮੀ ਸਰਹੱਦ ਉੱਤੇ ਸਥਿਤ ਹੋਣ ਕਰਕੇ ਇਥੋਂ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਵਿਚ ਹਿੱਸਾ ਲੈਣਾ ਪੈਂਦਾ ਰਿਹਾ ਹੈ। ਸਰਹੱਦ ਪਾਰੋਂ ਜਿੰਨੇ ਵੀ ਹਮਲਾਵਰ ਆਉਂਦੇ ਰਹੇ, ਉਹ ਪਹਿਲਾਂ ਪੰਜਾਬੀਆਂ ਨਾਲ ਦਸਤਪੰਜਾਂ ਲੈਂਦੇ ਰਹੇ। ਬਹੁਤੀ ਵਾਰ ਪੰਜਾਬੀਆਂ ਨੇ ਆਪਣੇ ਬਾਹੂ ਬਲ ਨਾਲ ਉਨ੍ਹਾਂ ਦੇ ਦੰਦ ਖੱਟੇ ਕੀਤੇ ਤੇ ਇੱਥੋਂ ਹੀ ਵਾਪਸ ਮੋੜ ਦਿੱਤਾ। ਸਮੁੱਚੀ ਦੁਨੀਆਂ ਉੱਤੇ ਫਤਿਹ ਦਾ ਇਰਾਦਾ ਰੱਖਣ ਵਾਲਾ ਯੂਨਾਨੀ ਜਰਨੈਲ ਸਿਕੰਦਰ ਮਹਾਨ ਪੰਜਾਬ ਨੂੰ ਸਰ ਨਹੀਂ ਸੀ ਕਰ ਸਕਿਆ। ਜਾਨ ਤਲੀ 'ਤੇ ਰੱਖ ਕੇ ਲੜਨ ਮਰਨ ਲਈ ਤਿਆਰ ਰਹਿਣ ਵਾਲੇ ਪੰਜਾਬੀਆਂ ਨੇ ਉਸ ਨੂੰ ਬਿਆਸ ਤੋਂ ਅੱਗੇ ਨਹੀਂ ਸੀ ਲੰਘਣ ਦਿੱਤਾ ਅਤੇ ਉਹ ਨਮੋਸ਼ੀ ਦਾ ਮੂੰਹ ਲੈ ਕੇ ਵਾਪਸ ਮੁੜ ਗਿਆ। ਇਥੋਂ ਦੇ ਵਸਨੀਕ ਕਮਾਏ ਹੋਏ ਜੁੱਸੇ ਤੇ ਖੁੱਲ੍ਹੇ ਹੱਡਾਂ-ਪੈਰਾਂ ਦੇ ਮਾਲਕ ਹਨ। ਪੰਜਾਬੀਆਂ ਦਾ ਚੰਗੀ ਖਾਧ ਖੁਰਾਕ ਖਾਣਾ ਸ਼ੌਕ ਵੀ ਰਿਹਾ ਹੈ, ਲੋੜ ਵੀ ਰਹੀ ਹੈ। ਦੁੱਧ ਘਿਉ ਦੀਆਂ ਇਥੇ ਨਦੀਆਂ ਵੀ ਵਗੀਆਂ ਤੇ ਪੰਜਾਬੀ ਗੱਭਰੂਆਂ ਨੇ ਇਸ ਨੂੰ ਹਜ਼ਮ ਵੀ ਕੀਤਾ। ਭੂਗੋਲਿਕ ਸਥਿਤੀ ਅਤੇ ਸਾਮਿਅਕ ਲੋੜਾਂ ਪੰਜਾਬੀ ਸਭਿਆਚਾਰਕ ਦਾ ਅੰਗ ਬਣੀਆਂ। ਇਸ ਲਈ ਸਮੁੱਚਾ ਪੰਜਾਬੀ ਸਭਿਆਚਾਰ ਮਰਦਾਂ ਦੇ ਦੁਆਲੇ ਘੁੰਮਦਾ ਰਿਹਾ। ਪੰਜਾਬ ਵਿਚ ਹਮੇਸ਼ਾ ਮਰਦਾਂ ਦੀ ਸਰਦਾਰੀ ਤੇ ਮਹੱਤਵ ਬਣਿਆ ਰਿਹਾ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ "ਸੋ ਕਿਉਂ ਮੰਦਾ ਆਖੀਐ..." ਰਾਹੀਂ ਸਮਾਜ ਵਿਚ ਔਰਤ ਦੇ ਮਹੱਤਵ ਦਾ ਬੜੇ ਬਲਵਾਨ ਸ਼ਬਦਾਂ ਵਿਚ ਪ੍ਰਗਟਾਵਾ ਕੀਤਾ ਹੈ। ਔਰਤ ਨੂੰ ਜਗਤ-ਜਣਨੀ ਕਿਹਾ ਗਿਆ ਹੈ ਪਰ ਇਸ ਦੇ ਬਾਵਜੂਦ ਮੱਧਕਾਲੀ ਸਮਾਜ ਵਿਚ ਔਰਤ ਮਰਦ ਦੇ ਬਰਾਬਰ ਰੁਤਬਾ ਹਾਸਲ ਨਾ ਕਰ ਸਕੀ। ਅਜੋਕੇ ਸਮੇਂ ਵਿਚ ਵੀ ਕੁੜੀ ਦੇ ਜੰਮਣ ਦੀ ਖੁਸ਼ੀ ਮੁੰਡੇ ਦੇ ਜੰਮਣ ਦੇ ਬਰਾਬਰ ਨਹੀਂ ਮੰਨੀ ਜਾਂਦੀ। ਮੱਧਕਾਲ ਵਿਚ ਲੜਕੀਆਂ ਨੂੰ ਜੰਮਦੇ ਹੀ ਚੋਰੀ ਛਿਪੇ ਮਾਰਨ ਦੀ ਪ੍ਰਥਾ ਰਹੀ ਹੈ। ਅੱਜ ਵਿਗਿਆਨ ਦੀ ਦੁਰਵਰਤੋਂ ਕਰਕੇ ਭਰੂਣ ਹੱਤਿਆ ਰਾਹੀਂ ਲੜਕੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦੇਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ ਤੇ ਕਈ ਵਾਰ ਮਾਰ ਮੁਕਾ ਵੀ ਦਿੱਤਾ ਜਾਂਦਾ ਹੈ। ਇਸੇ ਕਾਰਨ ਮੱਧਕਾਲ ਵਿਚ ਵੀ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਘਟ ਰਹੀ ਹੈ ਅਤੇ ਅੱਜ ਸਥਿਤੀ ਉਸ ਤੋਂ ਵੀ ਬਦਤਰ ਹੈ। ਅਜੇ ਵੀ ਬਹੁਤੇ ਘਰਾਂ ਵਿਚ ਲੜਕੀ ਦਾ ਪੈਦਾ ਹੋਣਾ ਖੁਸ਼ੀ ਦਾ ਸਬੱਬ ਨਹੀਂ ਮੰਨਿਆ ਜਾਂਦਾ, ਭਾਵੇਂ ਪੜ੍ਹੇ-ਲਿਖੇ ਅਤੇ ਅਗਾਂਹਵਧੂ ਪਰਿਵਾਰਾਂ ਵਿਚ ਇਹ ਸਥਿਤੀ ਨਹੀਂ ਹੈ।

ਪੰਜਾਬ ਵਿਚ ਪੁੱਤਰ ਜੰਮਣ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਲੋਕ ਗੀਤਾਂ ਤੇ ਰੀਤਾਂ ਵਿਚ ਇਸ ਦਾ ਥਾਂ-ਥਾਂ ਪ੍ਰਗਟਾਵਾ ਕੀਤਾ ਗਿਆ ਹੈ। ਇਥੇ ਪੁੱਤਰ ਜੰਮਦੇ ਹੀ ਲਾੜੇ ਮੰਨੇ ਜਾਂਦੇ ਹਨ। ਔਰਤਾਂ ਪੁੱਤਰ ਜਨਮ ਵੇਲੇ ਉਹ 'ਘੋੜੀਆਂ' ਗਾਉਂਦੀਆਂ ਹਨ ਜਿਹੜੀਆਂ ਉਸ ਦੇ ਵਿਆਹ ਵੇਲੇ ਗਾਈਆਂ ਜਾਣੀਆਂ ਚਾਹੀਦੀਆਂ ਹਨ। ਪੁੱਤਰ ਜਨਮ ਵੇਲੇ ਅਨੇਕਾਂ ਸ਼ਗਨ ਕੀਤੇ ਜਾਂਦੇ ਹਨ, ਖੁਸ਼ੀਆਂ ਤੇ ਵਸਤਾਂ ਵੰਡੀਆਂ ਜਾਂਦੀਆਂ ਹਨ। ਮੂੰਹ ਮਿੱਠੇ/ਕੌੜੇ ਕੀਤੇ ਤੇ ਕਰਵਾਏ ਜਾਂਦੇ ਹਨ। ਵਧਾਈਆਂ ਦਿੱਤੀਆਂ/ਵੰਡੀਆਂ ਜਾਂਦੀਆਂ ਹਨ। ਖੁਸ਼ੀ ਵਾਲੇ ਘਰਾਂ ਅੰਦਰ ਕਈ ਕਈ ਰਾਤਾਂ ਗੀਤਾਂ ਵਿਚ ਲੰਘਦੀਆਂ ਹਨ। ਪੁੱਤਰ ਜੰਮਣ ਉੱਤੇ ਉਸ ਨੂੰ ਸੁੰਦਰ ਅਤੇ ਦੁਰਲੱਭ ਵਸਤਾਂ ਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਉਸ ਦੇ ਮੂੰਹ ਨੂੰ ਪਹਿਲਾ ਫ਼ਲ/ਵਸਤ ਮਾਂ ਸ਼ਗਨ ਮਨਾ ਕੇ ਲਾਉਂਦੀ ਹੈ। ਨਵੀਂ ਬਣੀ ਮਾਂ ਦੇ ਬੂਹੇ ਨਾਲ ਕਈ ਕਈ ਮਹੀਨੇ ਸ਼ਰੀਂਹ ਦੇ ਪੱਤੇ ਸ਼ਗਨਾਂ ਵਜੋਂ ਬੰਨ੍ਹੇ ਰਹਿੰਦੇ ਹਨ। ਸਾਲ ਪਿੱਛੋਂ ਜਾਂ ਸਾਲ ਦੇ ਸਾਲ ਪੁੱਤਰਾਂ ਦੇ ਜਨਮ ਦਿਨ ਮਨਾਏ ਜਾਂਦੇ ਹਨ, ਪਰ ਧੀ ਦਾ ਜਨਮ ਦਿਨ ਮਨਾਉਣ ਬਾਰੇ ਕੋਈ ਸੋਚਦਾ ਤਕ ਨਹੀਂ।

ਪੁੱਤਰ ਦੀ ਪ੍ਰਾਪਤੀ ਲਈ ਪੰਜਾਬ ਵਿਚ ਤਰ੍ਹਾਂ ਤਰ੍ਹਾਂ ਦੀਆਂ ਮੰਨਤਾਂ ਤੇ ਰੀਤਾਂ ਪ੍ਰਚੱਲਤ ਹਨ। ਹਰ ਮਾਂ ਚਾਹੁੰਦੀ ਹੈ ਕਿ ਉਸ ਦੇ ਘਰ ਪੁੱਤਰ ਜਨਮ ਲਵੇ। ਪੁੱਤਰ ਦੇ ਜਨਮ ਨਾਲ ਉਸ ਦੇ ਖਾਨਦਾਨ ਦੀ ਵੇਲ ਹੀ ਨਹੀਂ ਵਧਦੀ, ਸਮਾਜ ਵਿਚ ਉਸਦੀ ਕਦਰ ਵੀ ਵਧਦੀ ਹੀ। ਪੁਰਾਤਨ ਸਮੇਂ ਤੋਂ ਇਸ ਸੰਬੰਧੀ ਤਰ੍ਹਾਂ ਤਰ੍ਹਾਂ ਦੇ ਵਿਸ਼ਵਾਸ ਪ੍ਰਚਲਿਤ ਹਨ। ਗਰਭ ਅਵਸਥਾ ਵਿਚ ਉਡੀਕ-ਦਿਹਾੜੇ ਪੁੱਗਣ ਵੇਲੇ ਮਾਂ ਨੂੰ ਪਤਾ ਨਹੀਂ ਲੱਗਦਾ ਕਿ ਉਸ ਦੇ ਪੁੱਤਰ ਜਨਮ ਲਵੇਗਾ ਜਾਂ ਧੀ। ਉਹ ਸੋਚਦੀ ਹੈ ਕਿ ਪੁੱਤਰ/ਧੀ ਦਾ ਜਨਮ 'ਬਿਧ ਮਾਤਾ' ਦੀ ਕਿਰਪਾ ਨਾਲ ਹੁੰਦਾ ਹੈ। ਉਹ ਤਨੋਂ-ਮਨੋਂ ਬਿਧ ਮਾਤਾ ਦੀ ਉਪਾਸਨਾ ਕਰਦੀ ਹੈ। ਉਪਾਸਨਾ ਲਈ ਉਹ ਗੋਬਰ ਦੀ ਨਿੱਕੀ ਜਿਹੀ ਗੁੱਡੀ ਬਣਾ ਕੇ ਉਸ ਦੇ ਨੱਕ ਵਿੱਚ ਸੋਨੇ ਦੀ ਪਤਲੀ ਜਿਹੀ ਨੱਥ ਪਾਉਂਦੀ ਹੈ। ਨਿੱਕੀ ਜਿਹੀ ਲਾਲ ਚੁੰਨੀ ਰੰਗ ਕੇ ਉਸ ਨੂੰ ਚਿੱਟਾ ਗੋਟਾ ਲਾਇਆ ਜਾਂਦਾ ਹੈ। ਚੁੰਨੀ ਗੁੱਡੀ ਦੇ ਸਿਰ ਉੱਤੇ ਦਿੱਤੀ ਜਾਂਦੀ ਹੈ ਤੇ ਉਸ ਨੂੰ 'ਬਿਧ ਮਾਤਾ' ਦਾ ਰੂਪ ਮੰਨ ਲਿਆ ਜਾਂਦਾ ਹੈ। ਉਸ ਦੀ ਉਪਾਸਨਾ ਕਰਦਿਆਂ ਇਹ ਬੋਲ ਉਚਾਰੇ ਜਾਂਦੇ ਹਨ :

**ਬਿਧ ਮਾਤਾ ! ਰੁੱਸੀਂ ਆਵੀਂ ਤੇ ਮੰਨੀ ਜਾਵੀਂ।**
**ਬਿਧ ਮਾਤਾ ! ਰੁੱਸੀਂ ਆਵੀਂ ਤੇ ਮੰਨ ਜਾਵੀਂ।**

ਸਮਝਿਆ ਜਾਂਦਾ ਹੈ ਕਿ ਹਰ ਬੱਚੇ ਦੇ ਜਨਮ ਵੇਲੇ 'ਬਿਧ ਮਾਤਾ' ਆਉਂਦੀ ਹੈ। ਜੇਕਰ ਉਹ ਆਪਣੇ ਪਤੀ ਨਾਲ ਰੁੱਸ ਕੇ ਆਵੇ ਤਾਂ ਜਣੇਪੇ ਵਾਲੀ ਔਰਤ ਕੋਲ ਬਹੁਤਾ ਚਿਰ ਬਹਿੰਦੀ ਅਤੇ ਆਰਾਮ ਨਾਲ ਮੁੰਡਾ ਬਣਾ ਕੇ ਜਾਂਦੀ ਹੈ। ਜੇਕਰ ਉਹ ਆਪਣੇ ਪਤੀ ਨਾਲ ਮੰਨੀ ਹੋਈ ਆਵੇ ਤਾਂ ਉਸ ਨੂੰ ਵਾਪਸ ਜਾਣ ਦੀ ਕਾਹਲ ਹੁੰਦੀ ਹੈ ਅਤੇ ਉਹ ਝਟਪਟ ਕੁੜੀ ਬਣਾ ਕੇ ਤੁਰ ਜਾਂਦੀ ਹੈ। ਇਸੇ ਲਈ ਮਾਂ ਬਿਧ ਮਾਤਾ ਦਾ ਤਰਲਾ ਕਰਦੀ ਹੈ ਕਿ ਉਹ ਆਪਣੇ ਪਤੀ ਨਾਲ ਰੁੱਸ ਕੇ ਆਵੇ ਤਾਂ ਜੋ ਆ ਕੇ ਬਹੁਤਾ ਚਿਰ ਬੈਠੇ ਤੇ ਮੁੰਡਾ ਬਣਾ ਕੇ ਜਾਵੇ।

ਪੰਜਾਬੀ ਸਮਾਜ ਗ਼ਰਜ਼ਾਂ ਨਾਲ ਬੱਝਾ ਹੈ। ਇਥੇ ਪੁੱਤਰ ਦੇ ਜੰਮਣ ਦੀ ਹੀ ਖੁਸ਼ੀ ਨਹੀਂ ਹੁੰਦੀ, ਸਗੋਂ ਘਰੀਂ ਪਾਲੇ ਜਾਂਦੇ ਅਤੇ ਘਰ ਦੀ ਆਰਥਿਕਤਾ ਨਾਲ ਜੁੜੇ ਪਸ਼ੂ-ਡੰਗਰਾਂ ਬਾਰੇ ਵੀ ਇਹੀ ਧਾਰਨਾ ਰਹੀ ਹੈ। ਜੇ ਘਰ ਦੀ ਪਾਲੀ ਦੇਸੀ ਗਾਂ ਵੱਛੇ ਨੂੰ ਜਨਮ ਦੇਵੇ ਤਾਂ ਉਸ ਦੀ ਕਦਰ ਹੁੰਦੀ ਹੈ। ਵੱਛੇ ਨੂੰ ਜਲਦੀ ਵੱਡਾ ਤੇ ਤਕੜਾ ਕਰਨ ਲਈ ਦੁੱਧ ਵੀ ਵਧੇਰੇ ਛੱਡਿਆ ਜਾਂਦਾ ਹੈ, ਪਰ ਵੱਛੀ ਦੀ

ਪੈਦਾਇਸ਼ ਉੱਤੇ ਸੋਗ ਛਾਂ ਜਾਂਦਾ ਹੈ ਤੇ ਉਸ ਨੂੰ ਘੱਟ ਤੋਂ ਘੱਟ ਦੁੱਧ ਛੱਡਿਆ ਜਾਂਦਾ ਹੈ। ਇਸੇ ਤਰ੍ਹਾਂ ਘਰ ਦੀ ਮੱਝ ਜੇ ਕੱਟੀ ਨੂੰ ਜਨਮ ਦੇਵੇ ਤਾਂ ਚੰਗਾ ਸਮਝਿਆ ਜਾਂਦਾ ਹੈ, ਪਰ ਕੱਟੇ ਨੂੰ ਮਾੜਾ ਗਿਣਿਆ ਜਾਂਦਾ ਹੈ ਕਿਉਂਕਿ ਵੱਛਾ ਤੇ ਕੱਟੀ ਵੱਡੇ ਹੋ ਕੇ ਬੌਲਦ ਤੇ ਮੱਝ ਬਣਦੇ ਹਨ। ਉਹ ਖੇਤੀ ਦੇ ਕੰਮ ਅਤੇ ਦੁੱਧ ਲਈ ਲਾਹੇਵੰਦ ਹਨ ਪਰ ਵੱਛੀ ਤੇ ਕੱਟਾ ਏਥੋਂ ਦੀ ਆਰਥਿਕਤਾ ਵਿਚ ਉਤਨੇ ਉਪਯੋਗੀ ਨਹੀਂ। ਮਸ਼ੀਨੀ ਯੁੱਗ ਦੇ ਆ ਜਾਣ ਨਾਲ ਸਥਿਤੀ ਬਦਲ ਗਈ ਹੈ। ਵੱਛੇ ਬੇਲੋੜੇ ਬਣ ਗਏ ਹਨ ਅਤੇ ਵਧੇਰੇ ਦੁੱਧ ਵਾਲੀਆਂ ਵਲੈਤੀ ਗਾਵਾਂ ਦੀ ਮੰਗ ਵਧ ਗਈ ਹੈ।

ਪੰਜਾਬੀ ਸਮਾਜ ਦੇ ਸਭਿਆਚਾਰ ਵਿਚ ਦੋ ਮੌਕੇ ਸਭ ਤੋਂ ਮਹੱਤਵਪੂਰਨ ਹਨ : ਮੁੰਡੇ ਦਾ ਜੰਮਣਾ ਅਤੇ ਉਸ ਦਾ ਵਿਆਹ। ਦੋਵੇਂ ਵੰਸ਼ ਨੂੰ ਅੱਗੇ ਤੋਰਨ ਦਾ ਕਾਰਨ ਬਣਦੇ ਹਨ। ਮੁੰਡੇ ਦੇ ਵਿਆਹ ਮੌਕੇ ਹੀ ਮੁੰਡੇ-ਕੁੜੀ ਦੀਆਂ ਮਾਵਾਂ ਆਪਣੇ ਇਸ਼ਟ ਮੁਤਾਬਕ ਸੁਖਾਂ ਸੁਖਦੀਆਂ ਹਨ ਕਿ ਉਨ੍ਹਾਂ ਦੇ ਪਰਿਵਾਰ ਵਿਚ ਪਹਿਲੀ ਔਲਾਦ ਲੜਕਾ ਹੋਵੇ ਅਤੇ ਜੇ ਉਹ ਸਾਲ ਦੇ ਵਿਚ ਵਿਚ ਹੋ ਜਾਵੇ ਤਾਂ ਉਨ੍ਹਾਂ ਦੀ ਖੁਸ਼ੀ ਦਾ ਪਾਰਾਵਾਰਾ ਨਹੀਂ ਰਹਿੰਦਾ। ਵਿਗਿਆਨਕ ਸਾਧਨਾਂ ਤੋਂ ਇਲਾਵਾ ਅੱਜ ਵੀ ਬਹੁਤ ਸਾਰੇ ਨੀਮ ਹਕੀਮ ਤੇ ਸਾਧ ਸੰਤ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹੋਏ ਮੁੰਡੇ ਪੈਦਾ ਕਰਨ ਦੀ ਗਰੰਟੀ ਦਿੰਦੇ ਹੋਏ ਆਪਣਾ ਰੋਟੀ-ਟੁਕ ਚਲਾ ਰਹੇ ਹਨ।

ਲੋਹੜੀ ਪੰਜਾਬ ਦਾ ਦੀਵਾਲੀ ਤੋਂ ਪਿੱਛੋਂ ਦੂਜਾ ਪ੍ਰਸਿੱਧ ਤਿਉਹਾਰ ਹੈ। ਇਹ ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ ਰਾਤ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੇ ਆਰੰਭ ਹੋਣ ਦੇ ਕਾਰਨ ਭਾਵੇਂ ਕੋਈ ਵੀ ਹੋਣ ਪਰ ਅੱਜ ਪੰਜਾਬ ਵਿਚ ਵਸਦੇ ਸਾਰੇ ਧਰਮਾਂ ਦੇ ਲੋਕ ਇਸ ਨੂੰ ਇਕੋ ਜਿਹੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਉਂਦੇ ਹਨ। ਇਸ ਨੂੰ ਮਨਾਉਣ ਦੀਆਂ ਤਿਆਰੀਆਂ ਮਹੀਨਾ ਵੀਹ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਇਸ ਸਰਬ ਸਾਂਝੇ ਤਿਉਹਾਰ ਲਈ ਲੜਕੇ-ਲੜਕੀਆਂ, ਮਰਦ ਔਰਤਾਂ, ਬੁੱਢੇ ਬੁੱਢੀਆਂ ਵਿਚ ਬਰਾਬਰ ਉਤਸ਼ਾਹ ਹੁੰਦਾ ਹੈ। ਮੁੰਡੇ ਕੁੜੀਆਂ ਇਸ ਲਈ ਗੋਹੇ, ਲੱਕੜੀਆਂ, ਗੁੜ, ਸ਼ੱਕਰ, ਮੂੰਗਫਲੀ, ਚੌਲ, ਫੁੱਲ, ਤਿਲ, ਗੰਨਾ, ਪੈਸੇ ਮੰਗਦੇ ਹਨ। ਮੰਗਣ ਦਾ ਇਹ ਕਾਰਜ ਕਈ ਦਿਨ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਜਾਂਦਾ ਹੈ। ਮੁੰਡੇ ਕੁੜੀਆਂ ਵੱਖ-ਵੱਖ ਗੀਤਾਂ ਰਾਹੀਂ ਲੋਹੜੀ ਮੰਗਦੇ ਹਨ :

**ਕੋਠੀ ਹੇਠ ਚਾਕੂ**
**ਗੁੜ ਦੇਊ ਮੁੰਡੇ ਦਾ ਬਾਪੂ**
**ਕੋਠੀ ਉੱਤੇ ਕਾਂ**
**ਗੁੜ ਦੇਵੇ ਮੁੰਡੇ ਦੀ ਮਾਂ।**

ਲੋਕ ਮੰਗਣ ਆਏ ਬੱਚਿਆਂ ਨੂੰ ਖੁਸ਼ੀ ਨਾਲ ਇਹ ਵਸਤਾਂ ਦਿੰਦੇ ਹਨ। ਮੁੰਡੇ-ਕੁੜੀਆਂ ਘਰਵਾਲਿਆਂ ਦਾ ਧਿਆਨ ਹੋਰ ਪਾਸਿਓਂ ਹਟਾਉਣ ਤੇ ਉਨ੍ਹਾਂ ਨੂੰ ਲੋਹੜੀ ਦੇ ਕੇ ਛੇਤੀ ਤੋਰਨ ਲਈ ਜ਼ੋਰ ਪਾਉਂਦੇ ਹਨ :

**ਸਾਡੇ ਪੈਰਾਂ ਹੇਠ ਸਲਾਈਆਂ**
**ਅਸੀਂ ਕਿਹੜੇ ਵੇਲੇ ਦੀਆਂ ਆਈਆਂ।**
**ਸਾਡੇ ਪੈਰਾਂ ਹੇਠ ਰੋੜ**
**ਸਾਨੂੰ ਛੇਤੀ ਛੇਤੀ ਤੋਰ।**

ਮੰਗਣਾ ਇਥੇ ਹੱਕ ਸਮਝਿਆ ਜਾਂਦਾ ਹੈ, ਖ਼ੈਰਾਇਤ ਨਹੀਂ। ਦੇਣਾ ਕੋਈ ਅਹਿਸਾਸ ਨਹੀਂ ਹੈ। ਦੇਣ ਵਾਲੇ ਨੂੰ ਸਖੀ ਕਹਿ ਕੇ ਅਸੀਸਾਂ ਦਿੱਤੀਆਂ ਜਾਂਦੀਆਂ ਹਨ ਅਤੇ ਖਾਲੀ ਮੋੜਨ ਵਾਲੇ ਨੂੰ ਕੰਜੂਸ/ਭੁੱਖੜ ਦੀ ਸੰਗਿਆ ਦਿੱਤੀ ਜਾਂਦੀ ਹੈ :

**ਹੁੱਕਾ ਭਈ ਹੁੱਕਾ**
**ਇਹ ਘਰ ਭੁੱਖਾ।**

ਲੋਹੜੀ ਨਾ ਦੇਣਾ ਬਦਸ਼ਗਨੀ ਗਿਣੀ ਜਾਂਦੀ ਹੈ। ਲੋਹੜੀ ਲਈ ਬਾਲਣ ਆਦਿ ਵਸਤਾਂ ਦੇਣ ਨੂੰ ਮਹਾਤਮ ਮੰਨਿਆ ਜਾਂਦਾ ਹੈ। ਲੋਹੜੀ ਬਿਨਾਂ ਕਿਸੇ ਵਿਤਕਰੇ ਦੇ ਅਮੀਰ ਗਰੀਬ ਜਾਂ ਧਰਮ/ਜਾਤ ਦੇ ਹਰ ਘਰ ਵਿਚੋਂ ਮੰਗੀ ਜਾਂਦੀ ਹੈ। ਕੇਵਲ ਉਹ ਘਰ ਛੱਡੇ ਜਾਂਦੇ ਹਨ ਜਿਸ ਘਰ ਉਸ ਸਾਲ ਮੌਤ ਹੋਈ ਹੋਵੇ। ਮੰਗਣ ਤੋਂ ਇਲਾਵਾ ਲੋਕ ਖੁਸ਼ੀ ਨਾਲ ਵੀ ਚੀਜ਼ਾਂ ਵੰਡਦੇ/ਦੇਂਦੇ ਹਨ।

ਲੋਹੜੀ ਵਾਲੇ ਦਿਨ ਗਲੀ ਮੁਹੱਲੇ ਦੇ ਲੋਕ ਇਕੱਠੇ ਹੋ ਕੇ ਸਾਂਝੀ ਥਾਂ ਦਿਨ ਢਲਦੇ ਹੀ ਲੋਹੜੀ ਬਾਲਣ ਦੀ ਤਿਆਰੀ ਆਰੰਭ ਦਿੰਦੇ ਹਨ। ਇਕੱਠੇ ਕੀਤੇ ਗੋਹੇ ਤੇ ਲੱਕੜੀਆਂ ਨੂੰ ਗਹੀਰੇ ਦੀ ਸ਼ਕਲ ਦੇ ਦਿੱਤੀ ਜਾਂਦੀ ਹੈ। ਲੋਕਾਂ ਦੇ ਇਕੱਠੇ ਹੋ ਜਾਣ ਉੱਤੇ ਇਕੱਤਰ ਕੀਤੇ ਬਾਲਣ ਦੇ ਢੇਰ ਨੂੰ ਅੱਗ ਵਿਖਾ ਦਿੱਤੀ ਜਾਂਦੀ ਹੈ। ਲੋਕ ਇਸ ਅਗਨ-ਕੁੰਡ ਦੇ ਦੁਆਲੇ ਪੀੜ੍ਹੀ/ਪੀੜ੍ਹੀਆਂ, ਮੰਜੇ ਆਦਿ ਡਾਹ ਕੇ ਗੋਲ ਚੱਕਰ ਵਿਚ ਬੈਠ ਜਾਂਦੇ ਹਨ। ਪੰਜਾਬ ਦੇ ਕੁਝ ਖੇਤਰਾਂ ਵਿਚ ਇਸ ਅਗਨ-ਕੁੰਡ ਨੂੰ 'ਭੁੱਗਾ' ਵੀ ਕਿਹਾ ਜਾਂਦਾ ਹੈ। ਪਿਛਲੇ ਇਕ ਸਾਲ ਦੇ ਦੌਰਾਨ ਜਨਮੇ ਅਤੇ ਵਿਆਹੇ ਲੜਕਿਆਂ ਦੇ ਪਰਿਵਾਰਾਂ ਦੇ ਘਰੀਂ ਇਸ ਦਿਨ ਵਿਆਹ ਵਰਗਾ ਮਾਹੌਲ ਹੁੰਦਾ ਹੈ। ਜਿਸ ਘਰ ਸਾਲ ਦੇ ਅੰਦਰ ਅੰਦਰ ਮੁੰਡੇ ਦਾ ਵਿਆਹ ਤੇ ਅੱਗੋਂ ਉਸ ਦੇ ਪੁੱਤਰ ਵੀ ਪੈਦਾ ਹੋ ਗਿਆ ਹੋਵੇ ਉਥੇ ਤਾਂ ਦੂਹਰੀ ਖੁਸ਼ੀ ਹੁੰਦੀ ਹੈ। ਲੋਹੜੀ ਦੇ ਦੁਆਲੇ ਬੈਠੇ ਲੋਕਾਂ ਵਿਚ ਮੰਗ ਕੇ ਇਕੱਠਾ ਕੀਤਾ ਗੁੜ, ਸ਼ੱਕਰ, ਤਿਲ, ਮੂੰਗਫਲੀ, ਫੁੱਲੇ ਆਦਿ ਰਾਸ਼ਨ ਪਰਾਤਾਂ ਵਿਚ ਪਾ ਕੇ ਵੰਡਿਆ ਜਾਂਦਾ ਹੈ। ਜਿਨ੍ਹਾਂ ਘਰਾਂ ਵਿਚ ਖੁਸ਼ੀ ਦੇ ਕਾਰਨ ਇਸ ਸਾਲ ਦੀ ਲੋਹੜੀ ਬਣਦੀ ਹੈ ਉਹ ਉਚੇਚੇ ਤੌਰ 'ਤੇ ਇਹ ਵਸਤਾਂ ਲੈ ਕੇ ਲੋਹੜੀ ਵਾਲੇ ਸਥਾਨ ਉਤੇ ਆਪ ਪਹੁੰਚਦੇ ਹਨ ਤੇ ਲੋਕਾਂ ਵਿਚ ਇਹ ਵਸਤਾਂ ਵੰਡਦੇ ਹਨ। ਨਵਜੰਮੇ ਪੁੱਤਰਾਂ ਨੂੰ ਮਾਵਾਂ ਕੱਪੜੇ ਵਿਚ ਲਪੇਟ ਕੇ ਗੋਦੀ ਵਿਚ ਲੈ ਕੇ ਅੱਗੇ ਹੋ ਕੇ ਬੈਠਦੀਆਂ ਹਨ। ਨਵੇਂ ਜੰਮੇ ਪੁੱਤਰਾਂ ਦੀਆਂ ਮਾਵਾਂ ਦੀ ਕਦਰ ਕਰਨਾ ਤੇ ਉਨ੍ਹਾਂ ਨੂੰ ਵਧਾਈ ਦੇਣਾ ਲੋਹੜੀ ਦਾ ਕੇਂਦਰੀ-ਕਾਰਜ ਹੈ। ਨਵ-ਵਿਆਹੇ ਜੋੜੇ ਅੱਗੇ ਹੋ ਕੇ ਇਸ ਖੁਸ਼ੀ ਦੇ ਮੌਕੇ ਹਾਜ਼ਰੀ ਲਵਾਉਂਦੇ ਤੇ ਵਧਾਈਆਂ ਲੈਂਦੇ ਹਨ। ਲੋਹੜੀ ਦੇ ਇਕੱਠ ਵਿਚ ਇਸ ਤਰ੍ਹਾਂ ਸਭ ਧਰਮਾਂ, ਜਾਤਾਂ ਤੇ ਅਮੀਰਾਂ ਗਰੀਬਾਂ ਦੇ ਇਕੱਠੇ ਬੈਠਣ ਤੇ ਖੁਸ਼ੀ ਮਨਾਉਣ ਨਾਲ ਲੋਕਾਂ ਅੰਦਰ ਸਾਂਝਾਂ ਵਧਦੀਆਂ ਹਨ। ਲੋਕ ਨਿੱਕੇ ਮੋਟੇ ਵਿਤਕਰੇ ਭੁਲਾ ਕੇ ਇਕ ਦੂਜੇ ਨਾਲ ਖੁਸ਼ੀ ਸਾਂਝੀ ਕਰਦੇ ਤੇ ਵਧਾਈਆਂ ਦੇਂਦੇ ਹਨ। ਮੁੰਡੇ ਕੁੜੀਆਂ ਗਿੱਧੇ ਦੀਆਂ ਬੋਲੀਆਂ ਪਾਉਂਦੀਆਂ ਤੇ ਨੱਚਦੀਆਂ ਹਨ। ਔਰਤਾਂ ਰਲ ਕੇ ਘੋੜੀਆਂ ਤੇ ਸ਼ਗਨਾਂ ਦੇ ਗੀਤ ਗਾਉਂਦੀਆਂ ਹਨ। ਲੋਹੜੀ ਦੀ ਅਗਨੀ ਵਿਚ ਗੁੜ, ਚਿੜਵੇ, ਦਾਣੇ ਤੇ ਫੁੱਲੇ ਭੇਟ ਕੀਤੇ ਜਾਂਦੇ ਹਨ। ਇਸ ਤਰ੍ਹਾਂ ਲੱਕੜੀਆਂ ਤੇ ਗੋਹੇ ਨਾਲ ਸਾਰਾ ਪਿੰਡ ਜੁੜ ਬਹਿੰਦਾ ਹੈ। ਤੇ ਅੱਗ ਦੀਆਂ ਸੂਹੀਆਂ ਲਾਟਾਂ ਨਿਕਲਦੀਆਂ ਹਨ। ਸਿਆਲ ਦੇ ਠਰੇ ਹੋਏ ਅੰਗਾਂ ਨੂੰ ਸੇਕਦਿਆਂ ਹੋਇਆਂ ਪੋਹ ਦੀ ਅੰਤਲੀ ਰਾਤ ਨੂੰ ਵਿਦਾ ਕੀਤਾ ਜਾਂਦਾ ਹੈ।

ਲੋਹੜੀ ਦੀ ਪੂਜਾ ਵੀ ਕੀਤੀ ਜਾਂਦੀ ਹੈ। ਇਸ ਨੂੰ 'ਲੋਹੜੀ ਦੇਵੀ' ਵੀ ਕਿਹਾ ਜਾਂਦਾ ਹੈ। ਲੋਹੜੀ ਨੂੰ ਦੇਵੀ ਮੰਨ ਕੇ ਸੁੱਖਣਾਂ ਵੀ ਸੁਖੀਆਂ ਜਾਂਦੀਆਂ ਹਨ। ਪੁੱਤਰ ਦੀ ਸੁੱਖ ਪੂਰੀ ਹੋਣ ਉੱਤੇ ਲੋਹੜੀ ਦੇਵੀ ਨੂੰ ਚਰਖਾ ਭੇਟ ਕੀਤਾ

ਜਾਂਦਾ ਹੈ ਤੇ ਉਹ ਲੋਹੜੀ ਦੀ ਅੱਗ ਵਿਚ ਸੁੱਟ ਦਿੱਤਾ ਜਾਂਦਾ ਹੈ। ਲੋਹੜੀ ਨਾਲ ਜੁੜੀ ਇਹ ਮੰਨਤ ਵੀ ਆਮ ਪ੍ਰਸਿੱਧ ਹੈ :

**ਜਿਤਨੇ ਜਠਾਣੀ ਤਿਲ ਸੁੱਟੇਗੀ**
**ਉਤਨੇ ਦਰਾਣੀ ਪੁੱਤ ਜਣੇਗੀ।**

ਲੋਹੜੀ ਨੂੰ ਸੂਰਜ ਦੇਵਤੇ ਦੀ ਪੂਜਾ ਦੀ ਰਹਿੰਦ ਵੀ ਤਸੱਵਰ ਕੀਤਾ ਜਾਂਦਾ ਹੈ। ਇਹ ਪੂਜਾ ਆਦਿਮ ਵਾਸੀਆਂ ਵਿਚ ਆਮ ਪ੍ਰਚਲਿਤ ਸੀ। ਪੁਰਾਣੇ ਸਮਿਆਂ ਵਿਚ ਘਰਾਂ ਵਿਚ ਅੱਗ ਦੱਬਣ ਨੂੰ ਅਗਨੀ ਦੇਵਤਾ ਦੀ ਖੁਸ਼ੀ ਵਜੋਂ ਸ਼ੁੱਭ ਸ਼ਗਨ ਮੰਨਿਆ ਜਾਂਦਾ ਸੀ। ਜੇ ਕਿਸੇ ਦੇ ਚੁੱਲ੍ਹੇ ਦੀ ਅੱਗ ਬੁੱਝ ਜਾਵੇ ਤਾਂ ਉਹ ਦੂਜੇ ਘਰਾਂ ਤੋਂ ਅੱਗ ਲਿਆ ਕੇ ਅੱਗ ਬਾਲਦੇ ਸਨ ਪਰ ਇਸ ਨਾਲ ਅਗਨੀ ਦੇਵਤੇ ਦੇ ਨਰਾਜ਼ ਹੋਣ ਦਾ ਡਰ ਬਣਿਆ ਰਹਿੰਦਾ ਸੀ। ਲੋਹੜੀ ਦੀ ਸਾਂਝੀ ਅੱਗ ਘਰਾਂ ਵਿਚ ਲਿਆ ਕੇ ਦੱਬਣਾ ਚੰਗਾ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਲੋਹੜੀ ਦੇ ਤਿਉਹਾਰ ਨਾਲ ਸੰਬੰਧਤ ਅਨੇਕਾਂ ਇਤਿਹਾਸਕ ਮਿਥਿਹਾਸਕ ਵੇਰਵੇ ਜੁੜੇ ਹੋਏ ਹਨ। 'ਦੁੱਲੇ ਭੱਟੀ' ਦੀ ਦੰਦ-ਕਥਾ ਨੂੰ ਵੀ ਇਸ ਨਾਲ ਜੋੜਿਆ ਜਾਂਦਾ ਹੈ। ਲੋਹੜੀ ਦੇ ਦਿਨਾਂ ਵਿਚ ਲੋਹੜੀ ਮੰਗਦੇ ਹੋਏ ਬੱਚੇ ਦੁੱਲਾ ਭੱਟੀ ਬਾਰੇ ਇਹ ਗੀਤ ਬੜੇ ਸ਼ੌਕ ਨਾਲ ਗਾਉਂਦੇ ਹਨ :

**ਸੁੰਦਰ ਮੁੰਦਰੀਏ-ਹੋ**
**ਤੇਰਾ ਕੌਣ ਵਿਚਾਰਾ-ਹੋ**
**ਦੁੱਲਾ ਭੱਟੀ ਵਾਲਾ-ਹੋ**
**ਦੁੱਲੇ ਧੀ ਵਿਆਹੀ-ਹੋ**
**ਸੇਰ ਸ਼ਕਰ ਆਈ-ਹੋ**
**ਕੁੜੀ ਦੇ ਬੋਝੇ ਪਾਈ-ਹੋ**
**ਕੁੜੀ ਦਾ ਲਾਲ ਪਟਾਕਾ-ਹੋ**
**ਕੁੜੀ ਦਾ ਸ਼ਾਲੂ ਪਾਟਾ-ਹੋ**
**ਸਾਲੂ ਕੌਣ ਸਮੇਟੇ-ਹੋ**
**ਚਾਚਾ ਗਾਲ੍ਹੀ ਦੇਸੇ-ਹੋ**
**ਚਾਚੇ ਚੂਰੀ ਕੁੱਟੀ-ਹੋ**
**ਜ਼ਿਮੀਂਦਾਰਾਂ ਲੁੱਟੀ-ਹੋ**
**ਜ਼ਿਮੀਦਾਰ ਸਦਾਓ-ਹੋ**
**ਗਿਣ ਗਿਣ ਪੌਲੇ ਲਾਓ-ਹੋ**
**ਇਕ ਪੌਲਾ ਘਟ ਗਿਆ,**
**ਜ਼ਿਮੀਂਦਾਰ ਵਹੁਟੀ ਲੈ ਕੇ ਨੱਸ ਗਿਆ।**

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340,**

**E-mail : lobanafoundation@gmail.com**

**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਭਰੂਣ ਹੱਤਿਆ ਸਮਾਜ ਲਈ ਕਲੰਕ



ਜੇਕਰ ਇਸ ਧਰਤੀ ਉੱਤੇ ਔਰਤ ਨਾ ਹੁੰਦੀ ਤਾਂ ਇਹ ਧਰਤੀ ਕਦੇ ਵੀ ਏਨੀ ਖ਼ੂਬਸੂਰਤ ਨਾ ਹੁੰਦੀ। ਔਰਤ, ਮਨੁੱਖੀ ਜ਼ਿੰਦਗੀ ਵਿਚ ਇਕ ਅਹਿਮ ਸਥਾਨ ਰੱਖਦੀ ਹੈ। ਘਰ ਪਰਿਵਾਰ ਦੀ ਸਿਰਜਣਾ ਵਿਚ ਔਰਤ ਦੀ ਸੁਹਜਮਈ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਆਪਣੀ ਮਿਹਨਤ ਤੇ ਲਗਨ ਨਾਲ ਜ਼ਿੰਦਗੀ ਦੇ ਹਰ ਖੇਤਰ ਵਿਚ ਔਰਤ ਮਰਦਾਂ ਤੋਂ ਵੱਧ ਸਮਰੱਥਾ ਰੱਖਦੀ ਹੈ। ਇਸ ਧਰਤੀ ਉੱਤੇ ਅੱਧੀ ਅਬਾਦੀ ਔਰਤਾਂ ਦੀ ਹੈ, ਇਸ ਕਰਕੇ ਉਨ੍ਹਾਂ ਦੀ ਹੈਸੀਅਤ ਨੂੰ ਅੱਖੋਂ ਪਰੋਖੇ ਕਰਨਾ ਸੱਚਾਈ ਤੋਂ ਅੱਖਾਂ ਬੰਦ ਕਰਨ ਦੇ ਬਰਾਬਰ ਹੈ।

ਸਮਾਜ ਵਿਚ ਕੁੜੀਆਂ ਦਾ ਘਟ ਰਿਹਾ ਅਨੁਪਾਤ ਡੂੰਘੀ ਚਿੰਤਾ ਦਾ ਵਿਸ਼ਾ ਬਣਦਾਜ ਾਂ ਰਹਾਹ ੈ ਭ ਰੂਣਹ ੱਤਿਆਦ ਾਵ ਰਤਾਰਾਅ ਾਪਣੇਅ ਾਪਨੂੰ 'ਸੱਭਿਅਕ' ਕਹਾਉਂਦੇ ਸਮਾਜ ਦੇ ਮੱਥੇ ਉੱਤੇ ਬਦਨੁਮਾ ਦਾਗ਼ ਬਣ ਗਿਆ ਹੈ। ਭਾਵੇਂ ਭਾਰਤੀ ਸਮਾਜ ਵਿਚ ਕੁੜੀਆਂ ਨੂੰ ਜਨਮ ਦਿੰਦੇ ਸਾਰ ਹੀ ਮਾਰ ਦੇਣ ਦਾ ਘਿਨਾਉਣਾ ਵਰਤਾਰਾ ਨਵਾਂ ਨਹੀਂ ਹੈ ਪਰ ਅਜੋਕਾ 'ਪੜ੍ਹਿਆ-ਲਿਖਿਆ' ਮਨੁੱਖ ਏਨਾ 'ਅਗਾਂਹਵਧੂ' ਹੋ ਗਿਆ ਹੈ ਕਿ ਉਹ ਮਾਸੂਮ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ, ਕੁੱਖ ਵਿਚ ਹੀ ਕਤਲ ਕਰਾਉਣ ਲੱਗ ਪਿਆ ਹੈ। ਗੁਰੂਆਂ ਦੀ ਚਰਨਛੋਹ ਪ੍ਰਾਪਤ ਪੰਜ-ਪਾਣੀਆਂ ਦੀ ਇਸ ਧਰਤੀ ਉੱਤੇ ਮਾਸੂਮ ਬਾਲੜੀਆਂ ਦੀ ਸੰਖਿਆ ਸ਼ਰਮਸਾਰ ਹੋਣ ਦੀ ਹੱਦ ਤੱਕ ਘਟ ਚੁੱਕੀ ਹੈ।


**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**




ਬਾਬੇ ਨਾਨਕ ਦੀ ਇਸ ਧਰਤੀ 'ਤੇ ਜਿਥੇ ਉਸ ਨੇ ਸਮੁੱਚੀ ਔਰਤ ਜਾਤ ਨੂੰ ਸਤਿਕਾਰ ਦਿੰਦਿਆਂ 'ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ' ਦਾ ਹੋਕਾ ਦਿੱਤਾ ਸੀ ਅੱਜ ਹਰ ਰੋਜ਼ ਢਾਈ ਹਜ਼ਾਰ ਬੱਚਿਆਂ ਨੂੰ ਜੰਮਣ ਤੋਂ ਪਹਿਲਾਂ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਭਾਰਤ ਦੇ ਹੋਰ ਸੂਬਿਆਂ ਵਿਚ ਵੀ ਭਰੂਣ ਹੱਤਿਆ ਦੀ ਸਥਿਤੀ ਇਸੇ ਤਰ੍ਹਾਂ ਹੈ। ਇੱਕੀਵੀਂ ਸਦੀ ਵਿਚ ਪਹੁੰਚ ਕੇ ਵੀ ਬਾਲੜੀਆਂ ਪ੍ਰਤੀ ਸਮਾਜ ਦਾ ਇਹ ਰਵੱਈਆ ਨਿੰਦਣਯੋਗ ਤਾਂ ਹੈ ਹੀ ਸਗੋਂ ਸਮੁੱਚੇ ਸਮਾਜ ਲਈ ਘਾਤਕ ਸਾਬਤ ਹੋ ਸਕਦਾ ਹੈ। ਕੁੜੀਆਂ ਦੀ ਲਗਾਤਾਰ ਘਟ ਰਹੀ ਸੰਖਿਆ ਸਮਾਜਿਕ ਰੂਪ ਵਿਚ ਅਸੰਤੁਲਨ ਪੈਦਾ ਕਰ ਸਕਦੀ ਹੈ ਜੋ ਅੱਗੇ ਹੋਰ ਵੀ ਸਮਾਜਿਕ ਵਿਗਾੜਾਂ ਨੂੰ ਜਨਮ ਦੇ ਸਕਦਾ ਹੈ। ਜਿਹੜੇ ਲੋਕ ਅੱਜ ਕੁੜੀਆਂ ਨੂੰ ਕੁੱਖ ਵਿਚ ਮਾਰਨ ਦਾ ਘਿਨਾਉਣਾ ਕਾਰਾ ਕਰ ਰਹੇ ਹਨ ਉਹ ਕੱਲ੍ਹ ਨੂੰ ਆਪਣੇ ਪੁੱਤਰਾਂ ਦੇ ਵਿਆਹ ਲਈ 'ਬਹੂ' ਕਿਥੋਂ ਭਾਲਣਗੇ? ਕੀ ਸਮਾਜ ਵਿਚ ਅਰਾਜਕਤਾ ਨਹੀਂ ਫੈਲੇਗੀ? ਸਮਾਜ ਵਿਚ ਕੁੜੀਆਂ, ਬਾਲੜੀਆਂ ਅਤੇ ਔਰਤਾਂ ਪ੍ਰਤੀ ਜੁਰਮਾਂ ਦਾ ਗਰਾਫ ਲਗਾਤਾਰ ਵਧਦਾ ਜਾ ਰਿਹਾ ਹੈ। ਹਰ ਰੋਜ਼ ਛੇੜਛਾੜ, ਅਗਵਾ ਤੇ ਬਲਾਤਕਾਰ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕੁੜੀਆਂ ਔਰਤਾਂ ਕਿਤੇ ਵੀ ਸੁਰੱਖਿਅਤ ਨਜ਼ਰ ਨਹੀਂ ਆਉਂਦੀਆਂ। ਸਮਾਜਿਕ ਨਿਘਾਰ ਸਭ ਹੱਦਾਂ ਬੰਨ੍ਹੇ ਟੱਪਦਾ ਜਾ ਰਿਹਾ ਹੈ। ਜੇਕਰ ਹੁਣ ਅਜਿਹੀ ਸਥਿਤੀ ਹੈ ਤਾਂ ਕੁੜੀਆਂ ਦੀ ਸੰਖਿਆ ਲਗਾਤਾਰ ਘਟਣ ਨਾਲ ਉਨ੍ਹਾਂ ਪ੍ਰਤੀ ਜੁਰਮਾਂ ਦੀ ਸੰਖਿਆ ਕਿੰਨੀ ਵਧ ਸਕਦੀ ਹੈ, ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਹੈ।

ਅਜੋਕੇ ਸਮੇਂ ਵਿਚ ਕੁੜੀਆਂ ਨੇ ਜ਼ਿੰਦਗੀ ਦੇ ਹਰ ਖੇਤਰ ਵਿਚ ਆਪਣੀ ਭਰਵੀਂ ਸਮਰੱਥਾ ਦਾ ਪ੍ਰਗਟਾਵਾ ਕੀਤਾ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਅਕ ਨਤੀਜਿਆਂ ਵਿਚ ਮੋਹਰੀ ਪੁਜੀਸ਼ਨਾਂ ਕੁੜੀਆਂ ਹੀ ਹਾਸਲ ਕਰ ਰਹੀਆਂ ਹਨ। ਪੁਲੀਸ, ਪ੍ਰਸ਼ਾਸਨ ਅਤੇ ਤਕਨੀਕੀ ਖੇਤਰਾਂ ਵਿਚ ਵੀ ਕੁੜੀਆਂ ਨੇ ਆਪਣੀ ਮਿਹਨਤ, ਲਗਨ ਤੇ ਇਮਾਨਦਾਰੀ ਸਦਕਾ ਚੰਗਾ ਨਾਮਣਾ ਖੱਟਿਆ ਹੈ। ਸਮਾਜਿਕ ਆਰਥਿਕ ਦ੍ਰਿਸ਼ਟੀ ਤੋਂ ਵੀ ਦੇਖੀਏ ਤਾਂ ਕੁੜੀਆਂ ਪਰਿਵਾਰਾਂ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਕੁੜੀਆਂ ਦੀ ਗਿਣਤੀ ਘਟਣ ਦੀ ਸਥਿਤੀ ਵਿਚ ਪਰਿਵਾਰਾਂ ਦੀ ਬਣਤਰ ਤਹਿਸ-ਨਹਿਸ ਹੋ ਸਕਦੀ ਹੈ। ਮੁੰਡਿਆਂ ਪ੍ਰਤੀ ਸਮਾਜ ਦੀ ਲਾਲਸਾ ਦੇ ਪੱਖ ਤੋਂ ਵੀ ਵੇਖੀਏ ਤਾਂ ਜੇਕਰ ਕੁੜੀਆਂ ਹੀ ਨਾ ਹੋਈਆਂ ਤਾਂ ਮੁੰਡੇ ਦੀ ਇੱਛਾ ਕਿਵੇਂ ਪੂਰੀ ਹੋਵੇਗੀ? ਅੱਜ ਵੀ ਹਜ਼ਾਰਾਂ ਮਾਪੇ ਪੁੱਤਰਾਂ ਦੇ ਹੁੰਦਿਆਂ ਬਿਰਧ ਘਰਾਂ ਵਿਚ ਰੁਲਦੇ ਦੇਖੇ ਜਾ ਸਕਦੇ ਹਨ। ਇਸ ਦੇ ਉਲਟ ਧੀਆਂ ਸਹੁਰੇ ਘਰ ਗਈਆਂ ਵੀ ਹਰ ਪਲ ਮਾਪਿਆਂ ਦੀ ਖ਼ੈਰ ਮੰਗਦੀਆਂ ਹਨ ਤੇ ਬੁਢੇਪੇ ਵਿਚ ਮਾਂ-ਬਾਪ ਦੀ ਸੇਵਾ ਕਰਨਾ ਆਪਣਾ ਫਰਜ਼ ਸਮਝਦੀਆਂ ਹਨ। ਭਰੂਣ ਹੱਤਿਆ ਕਰਨ ਵਿਚ ਡਾਕਟਰਾਂ ਦੀ ਭੂਮਿਕਾ ਸਭ ਤੋਂ ਵੱਧ ਨਿੰਦਣਯੋਗ ਹੈ। ਡਾਕਟਰ ਸਮਾਜ ਦਾ ਜਾਗਰੂਕ ਵਰਗ ਹੈ, ਜੇਕਰ ਉਹ ਚਾਹਵੇ ਤਾਂ ਭਰੂਣ ਹੱਤਿਆ ਦੀ ਬੁਰਾਈ ਨੂੰ ਖਤਮ ਕਰਨ ਵਿਚ ਚੰਗੀ ਭੂਮਿਕਾ ਨਿਭਾ ਸਕਦਾ ਹੈ। ਭਰੂਣ ਹੱਤਿਆ ਦੀਆਂ ਨਿੱਤ ਵਾਪਰ ਰਹੀਆਂ ਘਟਨਾਵਾਂ ਸਾਡੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹਨ। ਕੋਈ ਵੀ ਸੰਵੇਦਨਸ਼ੀਲ ਮਨੁੱਖ ਇਨ੍ਹਾਂ ਘਟਨਾਵਾਂ ਦੀ ਬਦੌਲਤ ਸ਼ਰਮਸਾਰ ਹੋਏ ਬਿਨਾਂ ਨਹੀਂ ਰਹਿ ਸਕਦਾ। ਸਰਕਾਰਾਂ ਇਸ ਨੂੰ ਰੋਕਣ ਲਈ ਕਈ ਉਪਰਾਲੇ ਕਰ ਰਹੀਆਂ ਹਨ ਪਰ ਜਦੋਂ ਤੱਕ ਲੋਕ ਨਹੀਂ ਜਾਗਦੇ ਕਿਸੇ ਸੁਧਾਰ ਦੀ ਆਸ ਨਹੀਂ ਰੱਖੀ ਜਾ ਸਕਦੀ। ਭਰੂਣ ਹੱਤਿਆ ਨੂੰ ਰੋਕਣ ਲਈ ਚੇਤੰਨਤਾ ਪੈਦਾ ਕਰਨੀ ਅਜੋਕੇ ਸਮਿਆਂ ਦੀ ਸਭ ਤੋਂ ਵੱਡੀ ਲੋੜ ਹੈ। ਜਦੋਂ ਤੱਕ ਕੁੜੀਆਂ ਪ੍ਰਤੀ ਸਮਾਜ ਦੀ ਮਾਨਸਿਕਤਾ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਉਦੋਂ ਤੱਕ ਸਭ ਗੱਲਾਂ ਵਿਅਰਥ ਹਨ। ਸਭ ਤੋਂ ਵੱਡੀ ਗੱਲ ਹੈ ਔਰਤ ਪ੍ਰਤੀ ਸੋਚ ਬਦਲੀ ਜਾਵੇ। ਔਰਤ ਨੂੰ ਇਕ ਵਿਅਕਤੀ ਵਜੋਂ ਆਦਰ ਸਤਿਕਾਰ ਦਿੱਤਾ ਜਾਵੇ। ਭਰੂਣ ਹੱਤਿਆ, ਦਾਜ ਅਤੇ ਔਰਤਾਂ ਨਾਲ ਸਬੰਧਤ ਹੋਰ ਮਸਲਿਆਂ ਬਾਰੇ ਸਾਂਝੀ ਆਵਾਜ਼ ਉਠਾਈ ਜਾ ਸਕਦੀ ਹੈ। ਜੇ ਹੁਣ ਵੀ ਅਸੀਂ ਖਾਮੋਸ਼ ਰਹਿ ਕੇ ਇਹ ਦੁਖਦਾਈ ਮੰਜ਼ਰ ਦੇਖਦੇ ਰਹੇ ਤਾਂ ਭਵਿੱਖ ਸਾਨੂੰ ਕਦੇ ਮੁਆਫ ਨਹੀਂ ਕਰੇਗਾ।

# ਦੋ ਕਹਾਣੀਆਂ

## (1) ਬਲੈਕ ਮਨੀ

ਦੋਸਤ ਦੇ ਪੁੱਛਣ ਤੇ ਕਿ ਸਾਰਾ ਦਿਨ ਕੀ ਕੰਮ ਕਰਦਾਂ। ਮੈਂ ਤਾਂ ਦੇਖਦਾ ਸਾਰਾ-ਸਾਰਾ ਦਿਨ ਮੱਖੀਆਂ ਮਾਰਦੈਂ? ਮੈਂ ਦੱਸਿਆ ਕਿ ਮੈਂ ਤਾਂ ਨਾਮਾਗਾਰ (ਪੱਤਰਕਾਰ) ਹਾਂ। "ਚੰਗੇ ਪੈਸੇ ਮਿਲ ਜਾਂਦੇ ਹਨ।" ਪੁੱਛਣ ਤੇ ਮੈਂ ਦੱਸਿਆ, "ਹਾਂ ਚੰਗੇ ਪੈਸੇ ਦਾ ਤਾਂ ਪਤਾ ਨਹੀਂ-ਚੰਗੇ ਅਮੀਰ ਬੰਦਿਆਂ ਦੀਆਂ ਕਾਲੀਆਂ ਕਰਤੂਤਾਂ ਉਜਾਗਰ ਕਰਕੇ ਉਨ੍ਹਾਂ ਨਾਲ ਦੁਸ਼ਮਨੀ ਜ਼ਰੂਰ ਪਾ ਲੈਨਾ" ਕੋਈ ਕਾਰਨਾਮਾ ਦੱਸੋ ਬੋਲਣ ਤੇ ਮੈਂ ਬੋਲਿਆ "ਹਿੰਦੋਸਤਾਨ ਦੇ ਮਸ਼ਹੂਰ ਉਦਯੋਗਪਤੀ-ਦੌਲਤ ਸਿੰਘ ਦੇ ਨਾਮ ਤਾਂ ਤੂੰ ਸੁਣਿਆ ਹੀ ਹੋਵੇਗਾ, ਜਨੇਵਾ ਵਿਚ ਸਵਿੱਸ ਬੈਂਕ ਦੇ ਕੇਸ ਵਿਚ ਗ੍ਰਿਫ਼ਤਾਰ ਹੋਇਆ। ਉਸ ਬਾਰੇ ਅਸਚਰਜਤਾ ਵਾਲੀ ਗੱਲ, ਉਸ ਨੇ ਪਲ ਵਿਚ ਆਪਣੀ ਸਾਰੀ ਦੌਲਤ ਗਰੀਬਾਂ ਨੂੰ ਵੰਡ ਦਿੱਤੀ ਤੇ ਅੱਗੇ ਤੋਂ ਸਾਫ਼-ਸੁਥਰੀ ਜ਼ਿੰਦਗੀ ਬਤੀਤ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਿਆ। ਸੰਪਾਦਕ ਨੇ ਉਸ ਨੂੰ ਮਿਲਣ ਦਾ ਹੁਕਮ ਦਿੱਤਾ।

ਬੁੜੈਲ ਜੇਲ੍ਹ ਵਿਚ ਟਾਈਟ-ਸਕਿਊਰਿਟੀ ਵਿਚ ਬੈਠਾ ਉਹ ਰੋ ਰਿਹਾ ਸੀ। "ਤੁਸੀਂ ਬੁਰੇ ਕੰਮ ਵਿਚ ਕਿਵੇਂ ਪਏ?" ਮੇਰਾ ਪਹਿਲਾ ਸਵਾਲ ਸੀ। "ਬਾਬੇ ਦੀ ਕਿਰਪਾ ਨਾਲ ਗਰੀਬ ਕਿਸਾਨ ਦੇ ਘਰ ਪੈਦਾ ਹੋਇਆ - ਪੰਜ ਬੱਚਿਆਂ ਦੇ ਬੱਪ ਦਾ ਬੇਟਾ। ਗਰੀਬੀ ਐਨੀ ਕੁ ਦੇਖੀ ਕਿ ਅਸੀਂ ਸਾਰੇ ਜੀਅ ਇਕ ਡੰਗ ਦੀ ਰੋਟੀ ਕਈ-ਕਈ ਦਿਨ ਮੁਸ਼ਕਿਲ ਨਾਲ ਖਾਂਦੇ। ਤੱਪੜ ਵਾਲੇ ਸਕੂਲ 'ਚ ਪੜ੍ਹਦੇ ਰਹੇ। ਵੱਡੇ ਸਕੂਲ ਦੀ ਫੀਸ ਬਾਪੂ ਦੇ ਨਾ ਦੇਣ ਤੇ ਮੈਂ ਉਸ ਦੇ ਨਾਲ ਹੀ ਖੇਤਾਂ ਵਿਚ ਕੰਮ ਕਰਨ ਲੱਗ ਪਿਆ। ਸਵੇਰ ਤੋਂ ਸ਼ਾਮ ਤੱਕ ਮਿੱਟੀ ਵਿਚ ਮਿੱਟੀ ਹੁੰਦੇ ਦੀ ਜਵਾਨੀ ਨਿਕਲ ਗਈ। ਛੋਟੀ ਉਮਰ ਤੋਂ ਹੀ ਮੇਰਾ ਸਵਾਲ ਮੈਨੂੰ ਚੁਭਦਾ ਰਹਿੰਦਾ-ਪਰਮਾਤਮਾ ਜੇ ਤੂੰ ਸਾਨੂੰ ਦੋ ਡੰਗ ਦੀ ਰੋਟੀ ਨਹੀਂ ਦੇਣੀ ਸੀ ਤਾਂ ਪੈਦਾ ਹੀ ਕਿਉਂ ਕੀਤਾ। ਇਕ ਦਿਨ ਥੋੜ੍ਹੀ ਬਹੁਤ ਕਣਕ ਅਸੀਂ ਵੇਚਣ ਵਾਸਤੇ ਮੰਡੀ ਚਲੇ ਗਏ। ਕਣਕ ਦਾ ਬੋਲ੍ਹ ਹਫ਼ਤਾ ਭਰ ਪਿਆ ਰਿਹਾ-ਕੋਈ ਖਰੀਦਦਾਰ ਨਹੀਂ। ਇਤਨੇ ਵਕਤ ਮੀਂਹ ਪੈ ਗਿਆ-ਹਫ਼ਤਾ ਭਰ ਕਣਕ ਨੂੰ ਸੁੱਕਣ ਤੇ ਲੱਗ ਗਿਆ। ਫਿਰ ਬਾਣੀਏ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸਾਡੀ ਕਣਕ ਦੀ ਕੀਮਤ ਅੱਧੀ ਲਾਈ। ਮੈਥੋਂ ਰਿਹਾ ਨਾ ਗਿਆ-ਗੁੱਸੇ 'ਚ ਆ ਕੇ ਮੈਂ ਬਾਣੀਏ ਨੂੰ ਚੱਕਤਾ। ਰਾਤ ਕਮਾਦ ਵਿੱਚ ਕੱਟੀ। ਸਵੇਰੇ ਗੱਡੀ ਫੜ ਕੇ ਮੈਂ ਕਲਕੱਤੇ ਚਲਾ ਗਿਆ। ਹਰ ਵਕਤ ਸੋਚ ਰਹਿੰਦੀ ਕਿ ਸਿੱਧੀ ਉਂਗਲੀ ਨਾਲ ਘਿਓ ਨਹੀਂ ਨਿਕਲਣਾ ਟੇਡੀ ਕਰਨੀ ਪੈਣੀ। ਜਿਸ ਤਰ੍ਹਾਂ ਕਿਸਮਤ ਦੇ ਗੇੜ ਹੁੰਦੇ ਹਨ; ਸਟੇਸ਼ਨ ਤੇ ਬੈਠਾ ਗੁਰਦੁਆਰੇ ਜਾਣ ਦੀ ਸੋਚ ਰਿਹਾ ਸੀ ਕਿ ਇਕ ਮੋਟੇ ਸੇਠ ਦਾ ਬਟੂਆ ਖੋਹ ਕੇ ਇਕ ਗੁੰਡਾ ਫਰਾਰ ਹੁੰਦੇ ਨੂੰ ਦੇਖ ਕੇ ਮੈਂ ਉਸ ਨੂੰ ਪਕੜਨ ਵਾਸਤੇ ਭੱਜ ਲਿਆ ਤੇ ਚੰਗੀ ਕਿਸਮਤ ਨੂੰ ਗੁੰਡੇ ਤੋਂ ਬਟੂਆ ਖੋਹ ਕੇ ਬਟੂਆ ਸੇਠ ਦੇ ਹੱਥ ਫੜ੍ਹਾਤਾ। ਸੇਠ ਬੜਾ ਖੁਸ਼ ਹੋਇਆ ਤੂੰ ਤਾਂ ਮੁੰਡਾ ਹੀ ਬਹੁਤ ਕੰਮ ਦਾ ਹੈ ਕਹਿ ਕੇ ਮੈਨੂੰ ਸੇਠ ਆਪਣੇ ਘਰ ਲੈ ਗਿਆ। ਪੁੱਛਣ ਤੇ ਮੈਂ ਸਾਰੀ ਰਾਮ ਕਹਾਣੀ ਸੁਣਾਤੀ। ਉਸ ਸੋਚ ਸਮਝ ਕੇ ਮੈਨੂੰ ਅੰਗ-ਰਕਸ਼ਕ-ਨੌਕਰੀ ਤੇ ਰੱਖ ਲਿਆ। ਚਲੋ-ਸੋ-ਚੱਲ! ਸੇਠ ਬਹੁਤ ਵੱਡਾ ਕਾਲੇ ਧੰਦੇ ਦਾ ਵਪਾਰੀ ਸੀ। ਉਸ ਨਾਲ ਬਲੈਕ ਮਨੀ ਕਿਵੇਂ ਬਣਦੀ ਸਾਰੇ ਗੁਰ ਸਿੱਖ ਲਏ। ਚੁਣਾ ਚੇਤ ਸੇਠ ਜੀ ਸੁਰਗਵਾਸ ਹੋ ਗਏ ਤੇ ਦਾਸ ਉਸ ਕਰੋੜਾਂ ਰੁਪਏ ਜੋ ਬੰਦ ਕਮਰਿਆਂ ਵਿਚ ਰੱਖੇ ਸਨ ਮਾਲਕ ਬਣ ਗਿਆ। ਇਕ ਹੋਰ ਬਲੈਕ ਮਾਰਕੀਟੀਅਰ ਦੀ ਕੁੜੀ ਨਾਲ ਵਿਆਹ ਹੋ ਗਿਆ ਤੇ ਆਪਣੀ ਦੁਨੀਆਂ ਦੇ ਅਮੀਰ ਬੰਦਿਆਂ ਵਿਚ ਗਿਣਤੀ ਹੋਣ ਲੱਗ ਪਈ।

'ਚੰਗੇ ਬਦਲਣ ਦਾ ਬਦਲਾਵ ਕਿਵੇਂ ਆਇਆ?' ਪੁੱਛਣ ਤੇ ਉਹ ਬੋਲਿਆ 'ਵਿਆਹ ਪਛਤਾਪ ਵਾਧੂ ਪੈਸਿਆਂ ਨਾਲ ਇਕ ਫੈਕਟਰੀ ਖਰੀਦ ਲਈ ਤੇ ਤਕਰੀਬਨ 20 ਸਾਲਾਂ ਵਿਚ ਕਾਲੇ ਧੰਦੇ ਵਿਚ ਪਿਆ ਅਮੀਰ ਉਦਯੋਗਪਤੀ ਬਣ ਗਿਆ। ਚਾਰ ਬੱਚੇ ਆ ਗਏ - 2 ਮੁੰਡੇ ਤੇ 2 ਕੁੜੀਆਂ। ਜਿਸ ਤਰ੍ਹਾਂ ਵਾਧੂ ਪੈਸੇ ਸੀ ਮੁੰਡੇ ਤਾਂ ਚੌਥੀ ਜਮਾਤ ਤੋਂ ਅੱਗੇ ਨਾ ਵਧੇ - ਮੇਰੇ ਨਾਲ ਹੀ ਮਾੜੇ ਕੰਮਾਂ ਵਿਚ ਪੈ ਗਏ, ਕੁੜੀਆਂ ਨੂੰ ਰਿਸ਼ਤੇਦਾਰ ਦੀ ਸਲਾਹ ਨਾਲ ਜਨੇਵਾ ਪੜ੍ਹਨ ਵਾਸਤੇ ਭੇਜ ਦਿੱਤਾ। ਫਿਰ ਹਵਾ ਦਾ ਝੋਕਾ ਇਸ ਤਰ੍ਹਾਂ ਆਇਆ ਕਿ ਦੋਨੋਂ ਕੁੜੀਆਂ ਨੂੰ ਕੋਈ ਬਾਹਰਲਾ ਮੁੰਡਾ ਮਾੜੇ ਕੰਮ ਕਰਨ ਵਾਸਤੇ ਭਜਾ ਕੇ ਲੈ ਗਿਆ। ਵੱਡੀ ਕੁੜੀ ਦਾ ਕਿਸੇ ਪਰਾਏ ਟੈਲੀਫ਼ੋਨ ਤੋਂ ਫ਼ੋਨ ਆਇਆ, 'ਛੋਟੀ ਭੈਣ ਤਾਂ ਇਨ੍ਹਾਂ ਨੇ ਮਾਰਤੀ, ਮੈਂ ਇਥੇ ਲਾਸਵੇਗਾਜ ਵਿਚ ਹਾਂ-ਮੈਨੂੰ ਆ ਕੇ ਲੈ ਜਾਓ।' ਲਾਸ ਵੇਗਾਜ ਵਿਚ ਪਹੁੰਚ ਕੇ ਉਸ ਨੂੰ ਭਾਲਣ ਦੀਆਂ ਸਾਰੀਆਂ ਕੋਸ਼ਿਸ਼ਾਂ ਫਜ਼ੂਲ ਤੇ ਮੈਂ ਜਿੰਦੇ ਜੀਅ ਕੰਗਾਲ ਬਣ ਗਿਆ। ਸੋਚ ਆਈ ਕਿ ਵਾਧੂ ਦਾ ਪੈਸਾ ਕਿਸੇ ਕੰਮ ਦਾ ਨਹੀਂ, ਹੱਕ ਹਲਾਲ ਦੀ ਕਮਾਈ ਵਿਚ ਹੀ ਬਰਕਤ ਹੈ। ਘਰਵਾਲੀ ਜੋ ਕੈਂਸਰ ਦੀ ਨਾਮੁਰਾਦ ਬਿਮਾਰ ਸੀ ਸਲਾਹ ਨਾਲ ਅਸੀਂ ਸਾਰੀ ਦੌਲਤ ਗਰੀਬਾਂ ਵਿਚ ਵੰਡਤੀ। ਤੁਹਾਡੀ ਮਿਹਰਬਾਨੀ ਤੁਸੀਂ ਆ ਕੇ ਗੱਲਬਾਤ ਕੀਤੀ। ਸ਼ਾਇਦ ਮੇਰੀ ਦੁੱਖ ਭਰੀ ਕਹਾਣੀ ਪੜ੍ਹ ਕੇ ਸਵਿੱਸ ਖਾਤਿਆਂ ਵਿਚ ਬਲੈਕ ਮਨੀ ਵਾਲਿਆਂ ਨੂੰ ਅਕਲ ਆ ਜਾਵੇ ਤੇ ਉਹ ਮਾੜੇ ਕੰਮ ਛੱਡ ਕੇ ਸਾਫ਼-ਸੁਥਰੀ ਜ਼ਿੰਦਗੀ ਬਤੀਤ ਕਰਨ ਲੱਗ ਜਾਣ।

## (2) ਅਮਰੋ

ਗੱਲ ਪਿਛਲੀ ਸਦੀ ਦੀ ਹੈ। ਇਟਾਰਸੀ ਲਾਗੇ ਹੋਸਿੰਗਾਬਾਦ ਨਜ਼ਦੀਕ ਮੇਰੇ ਸਰਦਾਰ ਜੀ ਦੀ ਬਦਲੀ ਹੋ ਗਈ। ਪੁਛ-ਪੁਛਾ ਕੇ ਅਸੀਂ ਡੈਮ ਬਨਾਣ ਵਾਲੀ ਜਗ੍ਹਾ ਤੇ ਪਹੁੰਚ ਗਏ। ਝਾੜਫੂਸ ਨਾਲ ਕੰਧਾਂ, ਛੱਤ ਟੀਨਿਆਂ ਨਾਲ ਪਾਇਆ ਮਕਾਨ ਕਿਰਾਏ ਤੇ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ। ਝੀਖਾਂ ਵਿੱਚੋਂ ਠੰਡੀ-ਠੰਡੀ ਹਵਾ ਆ ਰਹੀ ਸੀ। ਥੱਲੇ ਚਾਦਰ ਵਿਛਾ ਕੇ ਬਿਸਤਰਾ ਲਾ ਲਿਆ। ਜੰਗਲ ਪਾਣੀ ਬਾਹਰ ਹੀ ਜਾਣਾ ਸੀ। ਇੱਟਾਂ ਨਾਲ ਚੁੱਲਾ ਬਣਾ ਕੇ ਲੱਕੜਾਂ ਨਾਲ ਜਲਾ ਕੇ ਰੋਟੀ-ਪਾਣੀ ਦੀ ਇੰਤਜ਼ਾਮ ਕਰ ਲਿਆ। ਰਸਦ, ਸਬਜ਼ੀ ਨੇੜੇ ਅਮਰੋਂ ਨਾਮ ਦੀ ਆਪਣੇ ਦੋ ਬੱਚਿਆਂ ਨਾਲ ਰਹਿੰਦੀ, ਸਬਜ਼ੀਆਂ ਰਾਸ਼ਨ ਦੀ ਦੁਕਾਨ ਕਰਦੀ ਤੋਂ ਲੈ ਲਿਆ। ਬੱਚਿਆਂ ਨੂੰ ਦੇਖ ਕੇ ਮੈਨੂੰ ਵੀ ਆਪਣੇ ਬੱਚੇ ਯਾਦ ਆ ਰਹੇ ਸਨ ਜੋ ਕਿ ਬਠਿੰਡੇ ਦੇ ਲਾਗੇ

ਆਪਣੇ ਪਿੰਡ ਵਿਚ ਆਪਣੇ ਦਾਦਾ, ਦਾਦੀ ਨਾਲ ਰਹਿ ਕੇ ਪੜ੍ਹਾਈ ਕਰ ਰਹੇ ਸਨ। ਮੇਰੇ ਸਰਦਾਰ ਜੀ ਨੇ ਨੇੜੇ ਦਰਿਆ ਦੇ ਕਿਨਾਰੇ ਤੇ ਅਫ਼ਸਰਾਂ, ਲੇਬਰ ਵਾਸਤੇ ਰਹਿਣ ਲਈ ਕਲੋਨੀ ਬਨਾਉਣੀ ਸ਼ੁਰੂ ਕਰਤੀ। ਉਹ ਮੋਟਰਸਾਈਕਲ ਤੇ ਮੈਨੂੰ ਅਮਰੋ ਕੋਲ ਛੱਡ ਜਾਂਦੇ। ਜਿਸ ਨਾਲ ਗੱਲਾਂਬਾਤਾਂ ਸ਼ੁਰੂ ਹੋ ਗਈਆਂ।

"ਭੈਣ ਜੀ ਮੈਂ ਤਾਂ ਇਥੇ ਦੋ ਬੱਚਿਆਂ ਦੇ ਨਾਲ ਗੁਜ਼ਾਰਾ ਕਰ ਰਹੀ ਹਾਂ। ਇਨ੍ਹਾਂ ਦਾ ਪਾਪਾ ਤਾਂ ਸ਼ਰਾਬ ਪੀਂਦਾ ਸੀ। ਮੈਨੂੰ ਛੱਡ ਕੇ ਕਿਸੇ ਹੋਰ ਨੂੰ ਕਰ ਲਿਆ ਹੋਣਾ। ਮਰਦ-ਅਵਾਰਾ-ਪਸ਼ੂ ਇਕ ਜਾਤ ਦੇ ਹੀ ਹੁੰਦੇ ਹਨ ਜਿਥੇ ਹਰਿਆਵਲ ਦੇਖੀ ਡੇਰੇ ਲਾ ਲੈਂਦੇ।" ਅਮਰੋ ਨੇ ਇੱਕੋ ਸਾਹ ਵਿਚ ਆਪਣੀ ਰਾਮ ਕਹਾਣੀ ਸੁਣਾ ਦਿੱਤੀ। ਸਬਜ਼ੀਆਂ ਲੈ ਕੇ ਮੈਂ ਵਾਪਿਸ ਸੈਰ ਕਰਦੀ ਘਰ ਆ ਜਾਂਦੀ। ਅਮਰੋ ਨਾਲ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਮੇਰੇ ਬੋਲਿਆਂ ਤੇ ਕਿ ਤੁਸੀਂ ਤਾਂ ਸਬਜ਼ੀਆਂ/ਰਾਸ਼ਨ ਬਹੁਤ ਸਸਤਾ ਦੇ ਰਹੇ ਹੋ। ਉਹ ਬੋਲੀ 'ਵਾਧੂ ਦਾ ਪੈਸਾ ਵਧਦਾ ਫਲਦਾ ਨਹੀਂ। ਹੱਕ ਹਲਾਲ ਦੀ ਕਮਾਈ ਵਿਚ ਹੀ ਬਰਕਤ ਹੁੰਦੀ ਹੈ।'

ਸਮੇਂ ਨਾਲ ਮੈਂ ਅਮਰੋ ਨਾਲ ਬੋਲ ਕੇ ਬੱਚਿਆਂ ਨੂੰ ਪੜ੍ਹਨ ਵਾਸਤੇ ਸਕੂਲੇ ਲਵਾ ਦਿੱਤਾ। ਬੱਚਿਆਂ ਵਾਸਤੇ ਕਿਤਾਬਾਂ, ਕੱਪੜੇ, ਫੀਸ ਆਦਿ ਦਿੰਦੇ ਰਹੇ। ਚੁਨਾ-ਚੇਤ ਮੈਂ ਇਕ ਦਿਨ ਪੈਸੇ ਲੈ ਕੇ ਜਾਣਾ ਭੁੱਲ ਗਈ। ਅਮਰੋ ਅੱਜ ਬੱਚਿਆਂ ਨੂੰ ਕਿਵੇਂ ਖਾਣਾ ਖਲਾਊ। ਉਤੋਂ ਬਾਰਸ਼ ਹੋਣੀ ਸ਼ੁਰੂ ਹੋ ਗਈ। ਖਰੀਦਦਾਰੀ ਵਾਸਤੇ ਕਿਸੇ ਨੇ ਆਣਾ ਨਹੀਂ। ਮੈਂ ਵੀ ਮੀਂਹ ਪੈਣ ਕਰਕੇ ਵਾਪਿਸ ਨਹੀਂ ਸੀ ਜਾ ਸਕਦੀ। ਸਾਰਾ ਦਿਨ ਚਿੰਤਾ ਨਾਲ ਬਿਤਾਇਆ। ਸਰਦਾਰ ਜੀ ਦੀ ਮੋਟਰਸਾਈਕਲ ਦੀ ਆਵਾਜ਼ ਸੁਣ ਕੇ ਮੈਂ ਪਹਿਲਾਂ ਹੀ ਤਿਆਰ ਮੋਟਰਸਾਈਕਲ ਤੇ ਜਾ ਬੈਠੀ। ਨਾਲ ਅਮਰੋ ਦੇ ਬੱਚਿਆਂ ਵਾਸਤੇ ਮਿੱਠੇ ਚਾਵਲ ਵੀ ਬਣਾ ਲਏ ਸਨ।

'ਸਰਦਾਰ ਜੀ ਆਪਾਂ ਅਮਰੋ ਦੇ ਪੈਸੇ ਦੇਣ ਜਾਣਾ ਹੈ। ਮੈਂ ਸਵੇਰ ਪੈਸੇ ਲੈ ਕੇ ਜਾਣਾ ਭੁੱਲ ਗਈ ਸੀ।' ਸਰਦਾਰ ਜੀ ਕਾਫੀ ਥੱਕੇ ਹੋਏ ਸਨ-ਬਥੇਰੇ ਬਹਾਨੇ ਮਾਰੇ ਕਿ ਉਸਦੀ ਤਬੀਅਤ ਠੀਕ ਨਹੀਂ, ਨਾਲੇ ਮੀਂਹ ਜ਼ਿਆਦਾ ਪੈ ਸਕਦਾ ਹੈ ਪਰ ਮੈਂ ਇਕ ਨਾ ਸੁਣੀ ਤੇ ਉਸਨੂੰ ਜਾਣ ਵਾਸਤੇ ਹੁਕਮ ਦਿੱਤਾ।

ਸਾਨੂੰ ਦੇਖ ਕੇ ਅਮਰੋ ਘਬਰਾ ਜੀ ਗਈ ਕਹਿੰਦੀ "ਸੁੱਖ ਹੈ, ਤੁਸੀਂ ਵਾਪਿਸ ਐਸ ਵਕਤ ਕਿਓਂ ਆਏ?"

"ਅਸੀਂ ਤੇਰੇ ਪੈਸੇ ਜੋ ਦੇਣੇ ਸਨ ਨਾਲੇ ਆਹ ਲੈ ਮਿੱਠੇ ਚਾਵਲ ਬੱਚਿਆਂ ਵਾਸਤੇ।" ਮਿੱਠੇ ਚਾਵਲ ਦੇਖ ਕੇ ਬੱਚਿਆਂ ਦਾ ਚਿਹਰਾ ਖਿੜ ਗਿਆ। ਉਸਦੇ ਪੈਸੇ ਦੇ ਕੇ ਅਸੀਂ ਆਪਣੇ ਘਰ ਪਰਤ ਆਏ। ਘਰ ਆਇਆਂ ਨੂੰ ਟੈਲੀਫ਼ੋਨ ਵੱਜਣ ਤੇ ਬੱਚਿਆਂ ਦੇ ਦਾਦਾ ਜੀ ਬੋਲ ਰਹੇ ਸਨ, "ਦੀਪੂ ਨੇ ਵਜ਼ੀਫੇ ਦਾ ਇਮਤਿਹਾਨ ਪਾਸ ਕਰ ਲਿਆ। ਛੋਟਾ ਕਾਕਾ ਵੀਰੂ ਦੀ ਜੂਨੀਅਰ ਹਾਕੀ ਟੀਮ ਵਿਚ ਚੋਣ ਹੋ ਗਈ ਹੈ।"

ਥੋੜ੍ਹਾ ਚਿਰ ਅਸੀਂ ਕੁਝ ਬੋਲ ਨਹੀਂ ਸਕੇ। ਉਸ ਦਾਤੇ ਦੀ ਮਿਹਰਬਾਨੀ ਸਦਕੇ ਉਸਨੂੰ ਮੱਥਾ ਟੇਕ ਰਹੇ ਸੀ। ਦੇਸ ਪ੍ਰਦੇਸ ਜਾਣ, ਸੇਵਾ ਮੁਕਤ ਉਪਰੰਤ 30 ਸਾਲਾਂ ਬਾਅਦ ਅਸੀਂ ਡੈਮ ਵੇਖਣ ਵਾਸਤੇ ਆਏ। ਅਮਰੋ ਉਸੇ ਝੋਪੜੀ ਵਿਚ ਬੈਠੀ ਨੂੰ ਮਿਲੇ, ਬੜੀ ਖੁਸ਼ ਹੋਈ। "ਭੈਣ ਜੀ ਪ੍ਰਮਾਤਮਾ ਦੀ ਮਿਹਰ ਸਦਕਾ ਮੈਨੂੰ ਤੁਹਾਡੇ ਵਰਗਾ ਫਰਿਸ਼ਤਾ ਜ਼ਮੀਨ ਤੇ ਹੀ ਮਿਲ ਗਿਆ। ਉਸ ਨੇ ਮੇਰੀ ਬਹੁਤ ਮੱਦਦ ਕੀਤੀ। ਮੁੰਡਾ ਇੰਜੀਨੀਅਰ ਬਣ ਗਿਆ ਅਤੇ ਕੁੜੀ ਡਾਕਟਰੀ ਦਾ ਕੋਰਸ ਕਰ ਰਹੀ ਹੈ। ਉਸ ਨੂੰ ਸੁਣ ਕੇ ਐਨੀ ਖੁਸ਼ੀ ਹੋਈ ਸ਼ਬਦਾਂ ਵਿਚ ਮੈਂ ਬਿਆਨ ਨਹੀਂ ਕਰ ਸਕਦੀ। ਐਸੀ ਖੁਸ਼ੀ ਪ੍ਰਮਾਤਮਾ ਸਭ ਨੂੰ ਦੇਵੇ, ਪ੍ਰਮਾਮਤਾ ਅੱਗੇ ਅਰਦਾਸ ਕਰ ਰਹੀ ਸਾਂ।

**ਨਿਰੰਜਨ ਸਿੰਘ ਵਿਰਕ**

ਮੋ. 98037-44401

ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ, ਦਗ਼ੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫ਼ੀਲ ਘੋੜੇ, ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਹਕੂਮਤਾਂ ਚਲਦੀਆਂ ਨੇ, ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ, ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।

ਇਹ ਜਗ ਸਰਾਏ ਮੁਸਾਫਰਾਂ ਦੀ, ਏਥੇ ਜ਼ੋਰ ਵਾਲੇ ਕਈ ਆਏ ਗਏ।
ਸ਼ਦਾਦ ਨਮਰੂਦ ਫਿਰਊਨ ਜਿਹੇ, ਦਾਵ੍ਹਾ ਬੰਨ੍ਹ ਖੁਦਾਇ ਕਹਾਇ ਗਏ।
ਅਕਬਰ ਸ਼ਾਹ ਜਿਹੇ ਵਿੱਚ ਦਿੱਲੀ ਦੇ ਜੀ, ਫੇਰੀ ਵਾਂਗ ਵਣਜਾਰਿਆਂ ਪਾਏ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ, ਵਾਜੇ ਕੂੜ ਦੇ ਕਈ ਵਜਾਇ ਗਏ।

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ, ਅਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ, ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

**-ਸ਼ਾਹ ਮੁਹੰਮਦ (ਜੰਗਨਾਮਾ ਸਿੰਘਾਂ ਤੇ ਫਿਰੰਗੀਆਂ)**

# ਸਿਆਸਤ ਦਾ ਵੱਖਰਾ ਬੂਟਾ ਲਾਉਣ ਦਾ ਸਮਾਂ




ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783


ਮੈਨੂੰ ਇੱਕ ਸੂਝਵਾਨ ਸੱਜਣ ਨੇ ਦੱਸਿਆ ਕਿ ਮਹਾਂਭਾਰਤ ਦੇ ਅਖੀਰ ਵਿਚ ਲਿਖਿਆ ਹੈ- ਜਦੋਂ ਭਗਵਾਨ ਕ੍ਰਿਸ਼ਨ ਕੌਰਵਾਂ ਦੀ ਹਾਰ ਤੋਂ ਬਾਅਦ ਜੰਗਲ ਵਿਚ ਆਪਣੇ ਗੁਰੂ ਨੂੰ ਮਿਲਣ ਗਏ ਤਾਂ ਉਨ੍ਹਾਂ ਨੇ ਸਾਰੀ ਗਾਥਾ ਸੁਣ ਕੇ ਕ੍ਰਿਸ਼ਨ ਜੀ ਨੂੰ ਕਿਹਾ ਕਿ ਤੈਨੂੰ ਤਾਂ ਕੌਰਵਾਂ ਪਾਂਡਵਾਂ ਵਿਚ ਮੇਲ ਮਿਲਾਪ ਕਰਵਾਉਣਾ ਚਾਹੀਦਾ ਸੀ, ਜੰਗ ਕਿਉਂ ਕਰਵਾਈ? ਇਸ ਉੱਤੇ ਕ੍ਰਿਸ਼ਨ ਜੀ ਦਾ ਜਵਾਬ ਸੀ, "ਮੇਰਾ ਇਕ ਰੂਪ ਸਿਆਸਤਦਾਨ ਦਾ ਹੈ। ਸਿਆਸਤ ਵਿਚ ਤਾਂ ਇਹੋ ਕੁੱਝ ਹੁੰਦਾ ਹੈ। ਜਦੋਂ ਇਕ ਦਾ ਸਾਥ ਦਿਉ ਤਾਂ ਦੂਜੇ ਨੂੰ ਹਰ ਹਾਲ ਹਰਾਉਣਾ ਹੀ ਹੁੰਦਾ ਹੈ। ਜਿਸ ਨੂੰ ਜਿਤਾਉਣਾ ਹੋਵੇ, ਉਸ ਦੀਆਂ ਮਾੜੀਆਂ ਗੱਲਾਂ ਉੱਤੇ ਪਰਦਾ ਪਾਉਣਾ ਪੈਂਦਾ ਹੈ।"

ਮੇਰੇ ਪਿਤਾ ਜੀ ਨੇ ਵੀ ਇਕ ਵਾਰ 70-80 ਸਾਲ ਪੁਰਾਣੀ ਛਪੀ ਇਕ ਕਿਤਾਬ ਵਿੱਚੋਂ ਕੁੱਝ ਸਤਰਾਂ ਪੜ੍ਹ ਕੇ ਸੁਣਾਈਆਂ ਸਨ। ਉਨ੍ਹਾਂ ਦਾ ਸਾਰ ਅੰਸ਼ ਕੁੱਝ ਇੰਜ ਸੀ- "ਸਿਆਸਤ ਇਕ ਡੂੰਘੀਆਂ ਜੜ੍ਹਾਂ ਵਾਲੇ ਦਰਖਤ ਵਾਂਗ ਹੁੰਦੀ ਹੈ। ਦਰਖਤ ਦੀਆਂ ਜੜ੍ਹਾਂ ਤੇ ਟਾਹਣੀਆਂ ਉਹੀ ਰਹਿੰਦੀਆਂ ਹਨ। ਰੁੱਤ ਦੇ ਬਦਲਣ ਨਾਲ ਪੁਰਾਣੇ ਪੱਤੇ ਝੜ ਜਾਂਦੇ ਹਨ ਤੇ ਨਵੇਂ ਪੱਤੇ ਪੁੰਗਰ ਪੈਂਦੇ ਹਨ। ਕੁੱਝ ਚਿਰ ਤਾਂ ਲੱਗਦਾ ਹੈ ਕਿ ਪਹਿਲੇ ਮੁਰਝਾ ਚੁੱਕੇ ਪੱਤਿਆਂ ਨਾਲ ਇਹ ਖਿੜੇ ਤੇ ਧੋਤੇ ਨਵੇਂ ਨਕੋਰ ਪੱਤੇ ਕੁੱਝ ਵੱਖ ਹੋਣਗੇ। ਪਰ ਝਟਪਟ ਦਿਸਣ ਲੱਗ ਪੈਂਦਾ ਹੈ ਕਿ ਇਹ ਬਿਲਕੁਲ ਪਹਿਲਾਂ ਵਰਗੇ ਹੀ ਪੱਤੇ ਹਨ। ਬਿਲਕੁਲ ਉਹੀ ਰੰਗ-ਰੂਪ, ਉਸੇ ਹੀ ਤਰ੍ਹਾਂ ਦੀ ਬਣਤਰ, ਇੱਥੋਂ ਤਕ ਕਿ ਪੱਤਿਆਂ ਵਿਚਲੀਆਂ ਲਾਈਨਾਂ ਵੀ ਪਹਿਲੇ ਪੱਤਿਆਂ ਵਾਂਗ ਹੀ ਹਨ। ਹਰ ਸਾਲ ਪਤਝੜ ਬਹਾਰ ਤੋਂ ਬਾਅਦ ਭਾਵੇਂ ਹਰ ਕਿਸੇ ਨੂੰ ਨਵੇਂ ਪੱਤਿਆਂ ਲਈ ਉਮੀਦ ਬਣੀ ਰਹਿੰਦੀ ਹੈ। ਪਰ ਹਾਸਲ ਕੁੱਝ ਵੱਖ ਨਹੀਂ ਹੁੰਦਾ। ਸਿਆਸਤ ਦੇ ਬੂਟੇ ਦੀ ਖਾਦ ਹੁੰਦੀ ਹੈ 'ਝੂਠ'। ਜਿੰਨੀ ਵੱਧ ਖਾਦ, ਓਨੇ ਹੀ ਵੱਧ ਫਲ ਤੇ ਪੱਤੇ।"

ਹੁਣ ਇਕ ਤੀਜੀ ਉਦਾਹਰਣ ਵੱਲ ਝਾਤ ਮਾਰੀਏ। ਹਿਟਲਰ ਦੇ ਪ੍ਰਚਾਰ ਮੰਤਰੀ ਗੋਇਬਲਜ਼ ਅਨੁਸਾਰ ਸਫਲਤਾ ਦਾ ਮੰਤਰ ਸੀ, ਜਿੰਨੀ ਵੱਧ ਵਾਰ ਝੂਠ ਨੂੰ ਦੁਹਰਾਇਆ ਜਾਏ, ਉਨਾ ਹੀ ਉਹ ਸੱਚ ਜਾਪਣ ਲੱਗ ਪੈਂਦਾ ਹੈ। ਇਸੇ ਲਈ ਸਿਆਸਤ ਵਿਚ ਕੋਈ ਵੀ ਇਕ ਗੱਲ ਜੋ ਦੂਜੀ ਧਿਰ ਨੂੰ ਢਾਹੁਣ ਲਈ ਕਾਰਗਰ ਸਾਬਤ ਹੋ ਰਹੀ ਹੋਵੇ (ਭਾਵੇਂ ਝੂਠੀ ਹੀ ਹੋਵੇ), ਵੱਡੀ ਪੱਧਰ 'ਤੇ ਦੁਹਰਾਈ ਜਾਂਦੀ ਹੈ। ਇਹੋ ਫਾਰਮੂਲਾ ਹੁਣ ਵੀ ਅਜ਼ਮਾਇਆ ਜਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਅਜ਼ਮਾਇਆ ਜਾਵੇਗਾ। ਦਰਅਸਲ, ਸਿਆਸਤ ਵਿਚ ਸਿਰਫ਼ ਖਿਡਾਰੀ ਬਦਲਦੇ ਹਨ, ਖੇਡ ਨਹੀਂ ਬਦਲਦੀ। ਇਹ ਦਸਤੂਰ ਸਦੀਆਂ ਤੋਂ ਚਲਦਾ ਆ ਰਿਹਾ ਹੈ।

ਜਿੰਨਾ ਕੋਈ ਵੱਧ ਝੂਠ ਬੋਲ ਸਕਦਾ ਹੋਵੇ, ਵੱਧ ਤਮਾਸ਼ਾ ਕਰ ਕੇ ਜ਼ਿਆਦਾ ਭੀੜ ਇਕੱਠੀ ਕਰ ਸਕਦਾ ਹੋਵੇ, ਪਿਛਲੇ ਸਿਆਸਤਦਾਨਾਂ ਨੂੰ ਸ਼ਬਦ ਭੰਡਾਰ ਦੀਆਂ ਨਿਵਾਣਾਂ ਨਾਲ ਭੰਡ ਸਕਦਾ ਹੋਵੇ, ਅਸ਼ਿਸ਼ਟ ਵਿਹਾਰ ਦੀ ਸਿਖਰ ਛੂਹ ਸਕਦਾ ਹੋਵੇ, ਓਨਾ ਹੀ ਉਸ ਦੇ ਜਿੱਤਣ ਦੇ ਆਸਾਰ ਵੱਧ ਹੋ ਜਾਂਦੇ ਹਨ। ਜਿਵੇਂ ਦਰਖ਼ਤ ਨੂੰ ਬਹੁਤੇ ਪਾਣੀ ਦੀ ਲੋੜ ਨਹੀਂ ਹੁੰਦੀ, ਇੰਜ ਹੀ ਜਨਤਾ ਉੱਤੇ ਚੁਣਾਵੀ ਏਜੰਡਿਆਂ ਦੇ ਵਰਕੇ, ਪਾਣੀ ਦੇ ਛਿੱਟੇ ਵਾਂਗ ਤਰੌਂਕ ਦਿੱਤੇ ਜਾਂਦੇ ਹਨ ਤਾਂ ਜੋ ਉਹ ਪਾਣੀ ਵਿਚ ਸਿਰਫ ਭਿੱਜੇ ਹੀ ਮਹਿਸੂਸ ਕਰਨ। ਉਨ੍ਹਾਂ ਦੀ ਪਿਆਸ ਨਾ ਬੁੱਝੇ। ਇਨ੍ਹਾਂ ਏਜੰਡਿਆਂ ਨਾਲ ਕਿਸੇ ਦਾ ਕੁੱਝ ਲੈਣਾ ਦੇਣਾ ਨਹੀਂ ਹੁੰਦਾ। ਇਹ ਸਿਰਫ਼ ਕਿਸੇ ਵੀ ਹਾਲ ਵਿਚ ਵੋਟਾਂ ਹਾਸਲ ਕਰਨ ਦਾ ਜ਼ਰੀਆ ਹੁੰਦੇ ਹਨ।

ਅੱਜ ਦੇ ਦਿਨ ਵੀ ਜੇ ਪੰਜਾਬ ਅੰਦਰ ਝਾਤ ਮਾਰੀਏ ਤਾਂ ਬਥੇਰੇ ਨੌਜਵਾਨ ਫੇਰ ਪੁਰਾਣੇ ਪੱਤੇ ਝੜਨ ਤੇ ਨਵੇਂ ਪੁੰਗਰਨ ਨਾਲ ਉਹੀ ਸਦੀਆਂ ਪੁਰਾਣੀ ਨਵੀਂ ਉਮੀਦ, ਨਵੇਂ ਬਦਲਾਓ ਦੀ ਉਡੀਕ ਵਿਚ ਬੈਠੇ ਹਨ। ਪਰ ਅਸਲੀਅਤ ਕੀ ਹੈ, ਇਹ ਵਾਰ-ਵਾਰ ਕਹਿਣ ਦੀ ਲੋੜ ਨਹੀਂ ਹੈ।

ਜੇ ਮੁੱਖ ਤਿੰਨ ਪਾਰਟੀਆਂ ਨੂੰ ਗਹੁ ਨਾਲ ਵੇਖੀਏ ਤਾਂ ਇਹੋ ਏਜੰਡੇ ਹਨ : ਆਪਣੇ ਆਪ ਨੂੰ ਹੀਰੋ ਸਾਬਤ ਕਰਨਾ, ਕਿਸੇ ਵੀ ਤਰੀਕੇ ਕੁਰਸੀ ਹਾਸਲ ਕਰਨੀ, ਹਰ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਾਬਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਣਾ, ਜੋ ਨਸ਼ਾ ਅਮਰੀਕਾ ਤੇ ਕੈਨੇਡਾ ਨਹੀਂ ਬੰਦ ਕਰਵਾ ਸਕੇ ਅਤੇ ਦਿੱਲੀ, ਮੁੰਬਈ, ਮਹਾਰਾਸ਼ਟਰ, ਰਾਜਸਥਾਨ, ਗੋਆ ਆਦਿ ਵਿਚ ਧੜੱਲੇ ਨਾਲ ਵਿਕ ਰਿਹਾ ਹੈ, ਉਸ ਨੂੰ ਇਕ ਮਹੀਨੇ ਅੰਦਰ ਪੰਜਾਬ ਵਿਚ ਬੰਦ ਕਰਵਾਉਣ ਦਾ ਹੋਕਾ ਦੇਣ, ਟਿਕਟਾਂ ਦੀ ਵੰਡ ਵੇਲੇ ਕਰੋੜਾਂ ਇਕੱਠੇ ਕਰਨੇ, ਲੋਕਾਂ ਦੀ ਭੀੜ ਇਕੱਠੀ ਕਰ ਕੇ ਤੇ ਆਪਣੀ ਤਾਕਤ ਦਿਖਾ ਕੇ ਲੋਕਾਂ ਨੂੰ ਭਰਮਾਉਣਾ, ਸੜਕਾਂ ਦੇ ਕੋਨਿਆਂ ਉੱਤੇ ਆਪੋ ਆਪਣੀਆਂ ਫੋਟੋਆਂ ਦੇ ਫਲੈਕਸ ਲਾ ਕੇ ਆਪਣੀ ਹਾਉਮੈ ਨੂੰ ਪੱਠੇ ਪਾਉਣੇ, ਦੂਜੀਆਂ ਧਿਰਾਂ ਦੇ ਵਿਰੁੱਧ ਡਟ ਕੇ ਭੜਾਸ ਕੱਢਣੀ, ਤਾਕਤ ਵਿਚ ਆਉਣ ਉੱਤੇ ਦੂਜੀ ਪਾਰਟੀ ਵਾਲਿਆਂ ਨੂੰ ਜੇਲ੍ਹਾਂ ਵਿਚ ਡੱਕਣ ਬਾਰੇ ਰੌਲਾ ਪਾਉਣਾ ਅਤੇ ਇਲਜ਼ਾਮਤਰਾਸ਼ੀ ਦੀਆਂ ਹੱਦਾਂ ਪਾਰ ਕਰਨੀਆਂ।

ਲੋਕ ਮੁੱਦੇ ਤਿਆਗ ਕੇ ਘਰੇਲੂ ਕਿਸਮ ਦੇ ਮੁੱਦੇ ਪ੍ਰਚਾਰ ਦਾ ਵਿਸ਼ਾ ਬਣਾਏ ਜਾ ਰਹੇ ਹਨ। ਇਖ਼ਲਾਕ ਗ਼ਾਇਬ ਹੈ। ਕੀ ਕੋਈ ਪਾਰਟੀ

ਅਜਿਹੀ ਹੈ ਜਿਸ ਦੇ ਕਿਸੇ ਆਗੂ ਵੱਲੋਂ ਔਰਤਾਂ ਨਾਲ ਛੇੜਛਾੜ ਨਹੀਂ ਕੀਤੀ ਜਾ ਰਹੀ? ਕੀ ਕਿਸੇ ਪਾਰਟੀ ਵਿਚ ਕੁਰਸੀ ਦੀ ਤਾਕਤ ਵਿਚ ਅੰਨ੍ਹੇ ਹੋ ਕੇ ਪਤਨੀਆਂ ਨੂੰ ਤਲਾਕ ਜਾਂ ਘਰੇਲੂ ਹਿੰਸਾ ਦਾ ਸ਼ਿਕਾਰ ਨਹੀਂ ਬਣਾਇਆ ਜਾ ਰਿਹਾ? ਕੀ ਕੋਈ ਪਾਰਟੀ ਉਸ ਦੀਆਂ ਸਫ਼ਾਂ ਵਿਚ ਨਾਜਾਇਜ਼ ਸਬੰਧ ਬਣਾਉਣ ਵਾਲੇ ਆਗੂ ਨਾ ਹੋਣ ਦਾ ਦਾਅਵਾ ਕਰ ਸਕਦੀ ਹੈ?

ਕੀ ਕੋਈ ਪਾਰਟੀ ਲੋਕਾਂ ਵੱਲੋਂ ਇਕੱਠੇ ਕੀਤੇ ਜਾਂ ਰਿਸ਼ਵਤ ਦੇ ਰੂਪ ਵਿਚ ਲਏ ਪੈਸਿਆਂ ਨੂੰ ਪਾਰਟੀ ਫੰਡਾਂ ਦਾ ਨਾਂ ਦੇ ਕੇ ਨਾਜਾਇਜ਼ ਇਸਤੇਮਾਲ ਨਹੀਂ ਕਰ ਰਹੀ? ਕੀ ਸਾਰੀਆਂ ਪਾਰਟੀਆਂ ਵੱਲੋਂ ਲੋਕਾਂ ਲਈ ਕੀਤੇ ਨਿੱਕੇ ਤੋਂ ਨਿੱਕੇ ਕੰਮਾਂ ਬਦਲੇ ਅਹਿਸਾਨਮੰਦੀ ਨਹੀਂ ਮੰਗੀ ਜਾ ਰਹੀ? ਹਰ ਪਾਰਟੀ ਵਿਚ ਨਕਲੀ ਡਿਗਰੀਆਂ ਵਾਲੇ ਲੋਕ ਬੈਠੇ ਹਨ- ਉਨ੍ਹਾਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ? ਸੱਚਮੁੱਚ ਜਿਸ ਕਿਸਮ ਦਾ ਦੰਭ ਅੱਜਕੱਲ੍ਹ ਵੇਖਿਆ ਜਾ ਰਿਹਾ ਹੈ, ਉਸ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ। ਪਾਰਟੀਆਂ ਨੂੰ ਲੋਕ ਮਸਲਿਆਂ ਦੀ ਸੁੱਧ ਹੀ ਨਹੀਂ। ਉਹ ਸੱਤਾ ਹਥਿਆਉਣ ਤੇ ਪੰਜ ਸਾਲ ਮੌਜਾਂ ਕਰਨ ਦਾ ਟੀਚਾ ਸਾਹਮਣੇ ਰੱਖ ਕੇ ਚੋਣ ਲੜ ਰਹੀਆਂ ਹਨ। ਇਸੇ ਲਈ ਪ੍ਰਚਾਰ ਦੀ ਭਾਸ਼ਾ ਤੇ ਮਿਆਰ ਏਨਾ ਨੀਵਾਂ ਹੈ।

ਨੌਟੰਕੀਬਾਜ਼ਾਂ ਦੀਆਂ ਮਜ਼ਾਕੀਆਂ ਗੱਲਾਂ ਨਾਲ ਦੇਸ਼ ਨਹੀਂ ਉਸਰਿਆ ਕਰਦੇ। ਨਾ ਹੀ ਸੜਕਾਂ ਤੇ ਮੁਫ਼ਤ ਬਿਜਲੀਆਂ ਨਾਲ ਤਰੱਕੀ ਕਰਦੇ ਹਨ। ਦੇਸ਼ ਤਰੱਕੀ ਕਰਦੇ ਹਨ-ਬੁੱਧੀਜੀਵੀਆਂ ਨਾਲ, ਉਸਾਰੂ ਸੋਚ ਨਾਲ, ਕਿਰਤੀਆਂ ਦੀਆਂ ਸਮੱਸਿਆਵਾਂ ਸੁਲਝਾਉਣ ਨਾਲ, ਸਮਾਜ ਦੇ ਸਭ ਵਰਗਾਂ ਦੇ ਉਥਾਨ ਲਈ ਕੰਮ ਕਰਨ ਨਾਲ ਨਾ ਕਿ ਦੂਜੇ ਨੂੰ ਢਾਹ ਕੇ ਜੇਲ੍ਹਾਂ ਵਿਚ ਡੱਕ ਦੇਣ ਦੇ ਐਲਾਨਾਂ ਨਾਲ। ਜਿਹੜੇ ਮੁਲਕ ਤਰੱਕੀ ਕਰ ਚੁੱਕੇ ਹਨ, ਉੱਥੇ ਦਿਮਾਗ਼ ਵਾਲਿਆਂ ਦੀ ਕਦਰ ਕੀਤੀ ਜਾਂਦੀ ਹੈ, ਖੋਜੀਆਂ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਹੈ, ਕਲਮਾਂ ਵਾਲਿਆਂ ਨੂੰ ਸਿਰਾਂ ਉੱਤੇ ਬਿਠਾਇਆ ਜਾਂਦਾ ਹੈ, ਖਿਡਾਰੀਆਂ ਦੀ ਬੱਲੇ-ਬੱਲੇ ਕੀਤੀ ਜਾਂਦੀ ਹੈ, ਮਾਂ ਬੋਲੀ ਨੂੰ ਵਧਣ ਦੀ ਖੁੱਲ ਦਿੱਤੀ ਜਾਂਦੀ ਹੈ ਅਤੇ ਸਾਹਿਤ ਤੇ ਲੇਖਣ ਨੂੰ ਸਰਵੋਤਮ ਥਾਂ ਦਿੱਤੀ ਜਾਂਦੀ ਹੈ। ਉੱਥੇ ਬਾਲਪਣ ਨੂੰ ਇਨਸਾਨੀ ਗੁਣ ਸਿਖਾਏ ਜਾਂਦੇ ਹਨ ਅਤੇ ਸ਼ਖ਼ਸ਼ੀਅਤ ਦਾ ਹਿੱਸਾ ਬਣਾਏ ਜਾਂਦੇ ਹਨ। ਪਰ ਅਜਿਹਾ ਏਜੰਡਾ ਤਾਂ ਤਿੰਨਾਂ ਪ੍ਰਮੁੱਖ ਧਿਰਾਂ ਦੀ ਸੋਚ ਦਾ ਅੰਗ ਹੀ ਨਹੀਂ। ਉਨ੍ਹਾਂ ਵਿੱਚੋਂ ਕੋਈ ਵੀ ਨਿਆਰੀ ਜਾਂ ਸੁਥਰੀ ਹੋਣ ਦਾ ਪ੍ਰਭਾਵ ਦੇਣ ਲਈ ਯਤਨਸ਼ੀਲ ਵੀ ਨਹੀਂ।

ਲੋੜ ਹੈ ਕਿ ਅਜਿਹੇ ਲੋਕਾਂ ਨੂੰ ਲੱਭ ਕੇ ਅਗਾਂਹ ਲਿਆਉਣ ਦੀ ਜੋ ਪੁਰਾਣੀ ਸਿਆਸਤ ਦੇ ਦਰਖ਼ਤ ਨੂੰ ਜੜ੍ਹੋਂ ਪੁੱਟ ਕੇ ਅਤੇ ਨਵੇਂ ਬੂਟੇ ਲਾ ਕੇ ਸੂਬੇ ਤੇ ਮੁਲਕ ਨੂੰ ਤਰੱਕੀ ਦੇ ਰਾਹ ਤੋਰ ਸਕਣ।

ਫੇਸਬੁੱਕਾਂ ਉੱਤੇ ਆਪਣਾ ਹੀ ਬਖ਼ਾਨ ਕਰਨ, ਲੱਖਾਂ ਰੁਪਏ ਦੀ ਇਸ਼ਤਿਹਾਰਬਾਜ਼ੀ ਕਰਨ ਜਾਂ ਸੜਕਾਂ ਕੰਢੇ ਫਲੈਕਸਾਂ ਲਾ ਕੇ ਆਪਣੀ ਹਉਮੈ ਨੂੰ ਪੱਠੇ ਪਾਉਣ ਵਾਲਿਆਂ ਵਿੱਚੋਂ ਸਾਨੂੰ ਅਜਿਹੇ ਸੁਥਰੇ ਲੋਕ ਨਹੀਂ ਲੱਭਣਗੇ। ਸਿਆਸਤ ਦਾ ਵੱਖਰਾ ਬੂਟਾ ਲਾਉਣ ਦਾ ਹੁਣ ਸਮਾਂ ਹੈ। ਇਸ ਲਈ ਵੋਟ ਦੇ ਹੱਕ ਦੀ ਸੁਹਜਮਈ ਵਰਤੋਂ ਅਤਿਅੰਤ ਜ਼ਰੂਰੀ ਹੈ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240,**

**lubanabs@yahoo.co.in**

# 2016 ਵਿਚ ਕੌਮਾਂਤਰੀ ਪੱਧਰ ’ਤੇ 48 ਪੱਤਰਕਾਰ ਮਾਰੇ ਗਏ

**ਲੰਦਨ ਤੋਂ ਨਰਪਾਲ ਸਿੰਘ ਸ਼ੇਰਗਿੱਲ**



ਸੰਸਾਰ ਭਰ ਵਿਚ ਪੱਤਰਕਾਰਾਂ ਦੇ ਹਿਤਾਂ ਦੀ ਰਾਖੀ ਕਰਦੀ ਆ ਰਹੀ ਅਮਰੀਕਾ ਵਿਚ ਨਿਊਯਾਰਕ ਸਥਿਤ ਪੱਤਰਕਾਰ ਸੁਰੱਖਿਆ ਕਮੇਟੀ ਦੀ ਤਾਜ਼ਾ ਰਿਪੋਰਟ ਅਨੁਸਾਰ ਇਸ ਵਰ੍ਹੇ 48 ਪੱਤਰਕਾਰ ਮਾਰੇ ਗਏ ਹਨ। ਇਨ੍ਹਾਂ ਪੱਤਰਕਾਰਾਂ ਵਿਚੋਂ 18 ਪੱਤਰਕਾਰਾਂ ਦੇ ਕਤਲ ਕੀਤੇ ਗਏ ਹਨ, 26 ਪੱਤਰਕਾਰ ਆਹਮੋ-ਸਾਹਮਣੀ ਦੁਸ਼ਮਣਾਂ ਦੀ ਦੋਤਰਫ਼ੀ ਗੋਲਾਬਾਰੀ ਅਤੇ ਬਾਕੀ 4 ਖ਼ਤਰਨਾਕ ਅਤੇ ਤਣਾਅਪੂਰਨ ਥਾਵਾਂ ਜਾਂ ਇਲਾਕਿਆਂ ਵਿਚ ਆਪਣੀ ਰਿਪੋਰਟਿੰਗ ਲਈ ਕੰਮ ਕਰ ਰਹੇ ਸਨ। ਇਨ੍ਹਾਂ ਵਿਚੋਂ 2 ਪੱਤਰਕਾਰ ਇਸ ਵਰ੍ਹੇ ਭਾਰਤ ਵਿਚ ਵੀ ਮਾਰੇ ਗਏ ਹਨ, ਜਿਨ੍ਹਾਂ ਵਿਚੋਂ ਇੱਕ ਜਨ-ਸੰਦੇਸ਼ ਟਾਈਮਜ਼ ਅਖ਼ਬਾਰ ਦੇ ਕਰਨ ਮਿਸ਼ਰਾ ਹਨ, ਜੋ 13 ਫ਼ਰਵਰੀ ਨੂੰ ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਵਿਚ ਮਾਰੇ ਗਏ ਅਤੇ ਦੂਜੇ ਬਿਹਾਰ ਵਿਚ ਸੀਵਾਨ ਵਿਖੇ 13 ਮਈ ਨੂੰ ਹਿੰਦੁਸਤਾਨ ਪੱਤ੍ਰਿਕਾ ਦੇ ਰਾਜਦੇਵ ਰਾਜਨ ਦੱਸੇ ਗਏ ਹਨ। ਬਾਕੀ ਦੇਸ਼ਾਂ ਵਿਚ ਸਭ ਤੋਂ ਵੱਧ ਸੀਰੀਆ ਵਿਚ 16, ਇਰਾਕ ਵਿਚ 6, ਯਮਨ 6, ਅਫ਼ਗਾਨਿਸਤਾਨ 4, ਸੋਮਾਲੀਆ 3, ਲਿਬੀਆ 3, ਪਾਕਿਸਤਾਨ, ਮੈਕਸੀਕੋ, ਤੁਰਕੀ ਅਤੇ ਭਾਰਤ ਵਿਚ ਦੋ-ਦੋ ਅਤੇ ਬਰਾਜ਼ੀਲ, ਮੀਆਂਮਾਰ, ਗਿਨੀ ਅਤੇ ਯੁਕਰੇਨ ਵਿਚ ਇੱਕ-ਇੱਕ ਪੱਤਰਕਾਰ ਮਾਰਿਆ ਗਿਆ।

ਪਿਛਲੇ ਵਰ੍ਹੇ 2015 ’ਚ ਇਸ ਵਰ੍ਹੇ ਨਾਲੋਂ 50 ਫ਼ੀਸਦੀ ਵਧੇਰੇ ਜਾਂ ਕੁੱਲ 72 ਪੱਤਰਕਾਰ ਮਾਰੇ ਗਏ ਸਨ। ਪਿਛਲੇ 24 ਵਰ੍ਹਿਆਂ ਤੋਂ ਜਦੋਂ ਤੋਂ “ਪੱਤਰਕਾਰ ਸੁਰੱਖਿਆ ਕਮੇਟੀ” ਮਾਰੇ ਗਏ ਪੱਤਰਕਾਰ ਬਾਰੇ ਸੁਰੱਖਿਆ ਦੇ ਸਾਧਨ ਜਾਂ ਮਾਰੇ ਜਾਣ ਜਾਂ ਮਰ ਜਾਣ ਵਾਲੇ ਪੱਤਰਕਾਰਾਂ ਦੇ ਵੇਰਵੇ ਸਾਂਭ ਰਹੀ ਹੈ ਜਾਂ ਉਨ੍ਹਾਂ ਦੇ ਕਤਲਾਂ ਬਾਰੇ ਹੋ ਰਹੀ ਜਾਂਚ ਪੜਤਾਲ ਉਦੋਂ ਤੋਂ ਨਿਗਾਹ ਰੱਖ ਰਹੀ ਹੈ, ਉੱਤੋਂ ਤੋਂ ਜਾਂ 1992 ਤੋਂ ਹੁਣ ਤੱਕ ਸੰਸਾਰ ਭਰ ਵਿਚ 1228 ਪੱਤਰਕਾਰ ਮਾਰੇ ਗਏ ਜਾਂ ਮਰੇ ਹਨ, ਜਿਨ੍ਹਾਂ ਵਿਚੋਂ 800 ਪੱਤਰਕਾਰ ਦੋਤਰਫ਼ੀ ਗੋਲਾਬਾਰੀ ਜਾਂ ਦੋ-ਦੇਸ਼ੀ ਸਰਹੱਦੀ ਜੰਗ ਵਿਚ ਰਿਪੋਰਟਿੰਗ ਕਰਦੇ ਮਾਰੇ ਗਏ ਅਤੇ 152 ਪੱਤਰਕਾਰ ਖ਼ਤਰਨਾਕ ਥਾਵਾਂ ਤੇ ਰਿਪੋਰਟਿੰਗ ਕਰਦੇ ਜਾਂ ਫ਼ੋਟੋਆਂ ਖਿਚਦੇ ਮਾਰੇ ਗਏ ਹਨ।। ਇਨ੍ਹਾਂ2 4ਵ ਰ੍ਹਿਆਂ ਵਚਪ ੱਤਰਕਾਰਾਂਦ ੀ ਰਿਪੋਰਟਿੰਗ ਅਤੇ ਤਣਾਅ ਭਰਪੂਰ ਇਲਾਕਿਆਂ ਵਿਚ ਫ਼ੋਟੋਗਰਾਫ਼ੀ ਕਾਰਨ ਖ਼ਤਰਾ ਮੁੱਲ ਲੈਣ ਵਾਲੇ ਖ਼ਤਰਨਾਕ ਸਮਝੇ ਜਾਂਦੇ 20 ਦੇਸ਼ਾਂ ਵਿਚ ਭਾਰਤ ਦਾ ਨਾਉਂ ਵੀ ਬੋਲਦਾ ਹੈ, ਜਿੱਥੇ 40 ਪੱਤਰਕਾਰ ਮਾਰੇ ਜਾ ਚੁੱਕੇ ਹਨ। ਪੰਜਾਬ ਵਿਚ ਭਾਵੇਂ 1992-93 ਵਿਚ ਤਿੰਨ ਪੱਤਰਕਾਰ ਜਲੰਧਰ, ਰਾਜਪੁਰਾ ਅਤੇ ਪਟਿਆਲਾ ਵਿਖੇ ਮਾਰੇ ਗਏ ਸਨ, ਪਰ ਹੈਦਰਾਬਾਦ ਅਤੇ ਕਸ਼ਮੀਰ ਵਿਚ ਵਧੇਰੇ ਪੱਤਰਕਾਰ ਆਪਣੇ ਡਿਊਟੀ ਨਿਭਾਉਂਦੇ ਜਾਂ ਅਖ਼ਬਾਰਾਂ ਤੇ ਟੈਲੀਵਿਜ਼ਨ ਚੈਨਲਾਂ ਉੱਤੇ ਸੇਵਾ ਕਰਦੇ ਮਾਰੇ ਗਏ ਹਨ।



**ਸੰਸਾਰ ਦੇ ਖ਼ਤਰਨਾਕ ਦੇਸ਼ :** ਭਾਰਤ ਅਤੇ ਪੱਤਰਕਾਰਾਂ ਦੀ ਸੁਰੱਖਿਆ ਲਈ ਜਿਹੜੇ ਹੋਰ ਦੇਸ਼ ਖ਼ਤਰਨਾਕ ਸਿੱਧ ਹੋ ਰਹੇ ਹਨ, ਉਨ੍ਹਾਂ ਵਿਚ ਸਭ ਤੋਂ ਵੱਧ ਖ਼ਤਰਨਾਕ ਅਤੇ ਤਣਾਅ ਭਰਪੂਰ ਇਰਾਕ ਹੈ, ਜਿੱਥੇ ਹੁਣ ਤੱਕ 178 ਪੱਤਰਕਾਰ ਮਾਰੇ ਗਏ ਹਨ। ਇਸ ਤੋਂ ਬਾਅਦ ਸੀਰੀਆ ਵਿਚ 107, ਫਿਲੀਪਾਈਨ ਵਿਚ 77, ਸੋਮਾਲੀਆ ਵਿਚ 62, ਅਲਜੀਰੀਆ ਵਿਚ 60, ਪਾਕਿਸਤਾਨ ਵਿਚ 59, ਰੂਸ ਵਿਚ 56, ਕੋਲੰਬੀਆ ਵਿਚ 47, ਭਾਰਤ 40, ਬਰਾਜ਼ੀਲ 39, ਮੈਕਸੀਕੋ 37, ਅਫ਼ਗਾਨਿਸਤਾਨ 31, ਤੁਰਕੀ 25, ਬੰਗਲਾਦੇਸ਼ 20, ਸ੍ਰੀਲੰਕਾ 19, ਬੋਸਨੀਆ 19, ਰਵਾਂਡਾ 17, ਤਜਾਕਿਸਤਾਨ ਵਿਚ 17, ਸੀਰਾ-ਲਿਓਨ ਵਿਚ 16 ਅਤੇ ਇਸਰਾਈਲ ਵਿਚ 16 ਪੱਤਰਕਾਰ ਮਾਰੇ ਗਏ ਹਨ।

**ਜੇਲ੍ਹਾਂ ਵਿਚ ਡੱਕੇ ਪੱਤਰਕਾਰ :** 2016 ਵਿਚ ਪਿਛਲੇ ਵਰ੍ਹਿਆਂ ਨਾਲੋਂ ਸਭ ਤੋਂ ਵੱਧ ਕੁੱਲ 259 ਪੱਤਰਕਾਰਾਂ ਨੂੰ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਜਿਹੜੇ ਸਭ ਤੋਂ ਵੱਧ ਪੱਤਰਕਾਰਾਂ ਨੂੰ ਜੇਲ੍ਹਾਂ ਵਿਚ ਡੱਕਣ ਵਾਲੇ ਹੋਰ 12 ਦੇਸ਼ ਹਨ, ਉਨ੍ਹਾਂ ਵਿਚੋਂ ਪਹਿਲੇ ਨੰਬਰ ’ਤੇ ਤੁਰਕੀ ਹੈ ਜਿੱਥੇ 81 ਪੱਤ੍ਰਿਕਾ ਅਤੇ ਮੀਡੀਆ ਕਰਮਚਾਰੀ ਜੇਲ੍ਹਾਂ ਵਿਚ ਨਜ਼ਰਬੰਦ ਹਨ, ਬਾਕੀ ਦੇਸ਼ਾਂ ਵਿਚੋਂ ਚੀਨ ਵਿਚ 38, ਮਿਸਰ ਵਿਚ 25, ਐਰੀਟਿਰੀਆ ਵਿਚ 17, ਇਥੋਪੀਆ ਵਿਚ 16, ਈਰਾਨ ਵਿਚ 8, ਵੀਅਤਨਾਮ ਵਿਚ 8, ਸੀਰੀਆ ਵਿਚ 7, ਬਹਿਰੀਨ ਵਿਚ 7, ਸਾਊਦੀ ਅਰਬ ਵਿਚ 6 ਅਤੇ ਐਜ਼ਰਬਾਈਜਾਨ ਤੇ ਉਜ਼ਬੇਕਿਸਤਾਨ ਵਿਚ 5-5 ਪੱਤਰਕਾਰ ਜੇਲ੍ਹਾਂ ਵਿਚ ਬੰਦ ਹਨ। ਬਣਵਾਸੀ ਜਾਂ ਸਵੈ-ਬਣਵਾਸੀ ਪੱਤਰਕਾਰ : ਤਣਾਅ ਭਰਪੂਰ ਅਤੇ ਖ਼ਾਨਾ-ਜੰਗੀ ਵਾਲੇ ਦੇਸ਼ਾਂ ਵਿਚੋਂ ਅਨੇਕਾਂ ਪੱਤਰਕਾਰ ਆਪਣੀ ਸੁਰੱਖਿਅਤਾ ਅਤੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਆਪਣੀ ਜਨਮ ਭੂਮੀ ਛੱਡਣ ਲਈ ਮਜਬੂਰ ਹੁੰਦੇ ਆ ਰਹੇ ਹਨ। ਇਰਾਕ, ਸੀਰੀਆ ਅਤੇ ਲਿਬੀਆ ਆਦਿ ਅਤਿ ਤਣਾਅ ਭਰਪੂਰ ਦੇਸ਼ਾਂ ਦੇ ਨਾਲ ਹੋਰ ਮੱਧ ਪੂਰਬੀ, ਅਫ਼ਰੀਕਾ




ਅਤੇ ਖ਼ਾਸ ਕਰ ਉੱਤਰੀ ਅਫ਼ਰੀਕੀ ਖ਼ਿੱਤੇ ਦੇ ਦੇਸ਼ਾਂ ਵਿਚੋਂ ਪਿਛਲੇ 5 ਸਾਲ ਦੌਰਾਨ 452 ਪੱਤਰਕਾਰ ਵਿਦੇਸ਼ਾਂ ਵਿਚ ਸ਼ਰਨਾਰਥੀ ਬਣ ਕੇ ਦਿਨ ਕੱਟੀ ਕਰਨ ਲਈ ਮਜਬੂਰ ਹੋਏ ਹਨ। ਜੋ ਕਿਸੇ ਸੰਸਥਾ ਦੀ ਸਹਾਇਤਾ ਜਾਂ ਅਗਵਾਈ ਅਧੀਨ ਬਣਵਾਸੀ ਬਣੇ ਜਾਂ ਆਪਣੇ ਆਪ ਤੰਗ ਅਨੁਭਵ ਕਰਦੇ ਸਵੈ-ਬਣਵਾਸੀ ਬਣੇ ਹਨ, ਉਨ੍ਹਾਂ ਦੀ ਕੁੱਲ ਗਿਣਤੀ ਖੇਤਰਾਂ ਅਤੇ ਮਹਾਂਦੀਪਾਂ ਅਨੁਸਾਰ ਮੱਧ-ਪੂਰਬੀ ਤੇ ਉੱਤਰੀ ਅਫ਼ਰੀਕਾ ਦੇ 193, ਅਫ਼ਰੀਕਾ ਮਹਾਂਦੀਪ ਦੇ ਦੇਸ਼ਾਂ ਵਿਚੋਂ 164, ਦੱਖਣੀ ਅਫ਼ਰੀਕੀ ਦੇਸ਼ਾਂ ਦੇ 41, ਏਸ਼ੀਆ ਦੇ ਪਾਕਿਸਤਾਨ ਅਤੇ ਹੋਰ ਦੇਸ਼ਾਂ ਵਿਚੋਂ 40 ਅਤੇ ਯੂਰਪੀ ਤੇ ਮੱਧ ਏਸ਼ੀਆ (ਸੈਂਟਰਲ ਏਸ਼ੀਆ) ਦੇ ਦੇਸ਼ਾਂ ਵਿਚੋਂ 14 ਪੱਤਰਕਾਰ ਹਨ।

ਜਿਹੜੇ ਮੁੱਖ ਦੇਸ਼ਾਂ ਵਿਚੋਂ ਇਹ ਪੱਤਰਕਾਰ ਭੱਜੇ ਜਾਂ ਮਜਬੂਰਨ ਗਏ ਹਨ ਉਨ੍ਹਾਂ ਵਿਚੋਂ ਸੀਰੀਆ ਤੋਂ 101, ਇਥੋਪੀਆ ਤੋਂ 57, ਈਰਾਨ ਦੇ 52, ਐਰੀਟਰੀਆ ਦੇ 32, ਸੋਮਾਲੀਆ ਦੇ 25, ਕਿਊਬਾ ਦੇ 18, ਪਾਕਿਸਤਾਨ ਦੇ 16, ਸੁਡਾਨ ਦੇ 11, ਇਰਾਕ ਦੇ 11 ਅਤੇ ਲਿਬੀਆ ਦੇ 8 ਪੱਤਰਕਾਰ ਵਰਨਣਯੋਗ ਹਨ। ਜਿਹੜੇ ਦੇਸ਼ਾਂ ਵਿਚ ਇਹ ਪੱਤਰਕਾਰ ਸ਼ਰਨਾਰਥੀ ਬਣ ਕੇ ਉੱਥੇ ਰਹਿੰਦੇ ਹੋਏ ਆਪਣੇ ਪੱਤਰਕਾਰ ਕਿੱਤੇ ਨਾਲ ਜੁੜੇ ਰਹਿਣ ਅਤੇ ਰੁਜ਼ਗਾਰ ਪ੍ਰਾਪਤ ਕਰਨ ਵਿਚ ਸਫਲ ਹੋਏ ਹਨ, ਉਨ੍ਹਾਂ ਵਿਚ ਸਭ ਤੋਂ ਵੱਧ 92 ਪੱਤਰਕਾਰ ਅਮਰੀਕਾ ਪੁੱਜਣ ਅਤੇ ਰਹਿਣ ਵਿਚ ਸਫਲ ਹੋਏ ਹਨ। ਅਮਰੀਕਾ ਤੋਂ ਬਿਨਾਂ ਤੁਰਕੀ ਵਿਚ 71, ਕੀਨੀਆ ਵਿਚ 65, ਫਰਾਂਸ ਵਿਚ 33, ਯੁਗੰਡਾ ਵਿਚ 19, ਜਰਮਨੀ ਵਿਚ 14, ਸਵੀਡਨ ਵਿਚ 12, ਸੁਡਾਨ ਵਿਚ 12, ਲੈਬਨਾਨ ਵਿਚ 12, ਮਿਸਰ ਵਿਚ 10 ਅਤੇ ਇਥੋਪੀਆ ਵਿਚ 9 ਪੱਤਰਕਾਰ ਆਪਣੇ ਦੇਸ਼ ਛੱਡ ਕੇ ਇਨ੍ਹਾਂ ਦੇਸ਼ਾਂ ਵਿਚ ਵਕਤੀ ਤੌਰ ਤੇ ਟਿਕੇ ਹੋਏ ਜਾਂ ਰੁਜ਼ਗਾਰ ਲੈ ਕੇ ਰਹਿਣ ਲੱਗ ਪਏ ਹਨ। ਇਨ੍ਹਾਂ ਪੱਤਰਕਾਰਾਂ ਨੂੰ ਸੁਰੱਖਿਆ ਕਮੇਟੀ ਦੀ ਰਿਪੋਰਟ ਅਨੁਸਾਰ ਆਪਣੇ-ਆਪਣੇ ਦੇਸ਼ਾਂ ਵਿਚ ਤਾਨਾਸ਼ਾਹੀ ਰਾਜ ਅਤੇ ਤਣਾਅਪੂਰਨ ਮਾਹੌਲ ਕਾਰਨ ਹਰ ਵੇਲੇ ਜੇਲ੍ਹ ਵਿਚ ਡੱਕੇ ਜਾਣ ਜਾਂ ਲਗਾਤਾਰ ਸਰਕਾਰੀ ਪ੍ਰਬੰਧ ਵੱਲੋਂ ਪ੍ਰੇਸ਼ਾਨ ਕੀਤੇ ਜਾਣਾ ਮੁੱਖ ਕਾਰਨ ਦੱਸੇ ਗਏ ਹਨ। ਇਨ੍ਹਾਂ ਜਲਾਵਤਨੀ ਜਾਂ ਸ਼ਰਨਾਰਥੀ ਪੱਤਰਕਾਰਾਂ ਵਿਚੋਂ ਲਗਭਗ 70 ਪੱਤਰਕਾਰ (17 ਫ਼ੀਸਦੀ) ਵਿਦੇਸ਼ ਵਿਚ ਪੱਤਰਕਾਰੀ ਖੇਤਰ ਵਿਚ ਰੁਜ਼ਗਾਰ ਕਰ ਰਹੇ ਹਨ ਅਤੇ ਇਨ੍ਹਾਂ ਵਿਚੋਂ 15-20 ਪੱਤਰਕਾਰ (4 ਫ਼ੀਸਦੀ) ਆਪਣੇ ਦੇਸ਼ ਵਿਚ ਹੀ ਵਾਪਸ ਪਰਤ ਗਏ ਹਨ।

**ਭਾਰਤ ਅਤੇ ਪੱਤਰਕਾਰੀ** : ਭਾਰਤ ਵਿਚ ਨਿਰਪੱਖ, ਸੁਤੰਤਰ, ਖ਼ੋਜੀ ਅਤੇ ਮੁਹਿੰਮਕਾਰੀ ਪੱਤਰਕਾਰੀ ਕਰਨਾ "ਖਾਲਾ ਜੀ ਦਾ ਵਾੜਾ" ਨਹੀਂ। ਲਗਭਗ ਹਰ ਅਖ਼ਬਾਰ ਅਤੇ ਟੈਲੀਵਿਜ਼ਨ ਦਾ ਆਪਣੇ ਆਰਥਿਕ ਹਿਤਾਂ ਨੂੰ ਮੁੱਖ ਰੱਖਦੇ ਹੋਏ ਵਿਸ਼ੇਸ਼ ਇੱਕਪਾਸੜ ਝੁਕਾ ਵੇਖਿਆ ਗਿਆ ਹੈ। ਵੱਡੇ ਭ੍ਰਿਸ਼ਟ ਰਾਜਨੀਤਕ ਆਗੂ ਆਪਣੇ ਹਿਤਾਂ ਅਨੁਸਾਰ ਮੁੱਖ ਸੰਪਾਦਕਾਂ ਜਾਂ ਇਲਾਕਾਈ ਮੁੱਖ ਪੱਤਰ ਪ੍ਰੇਰਕਾਂ ਨੂੰ ਲਿਫ਼ਾਫ਼ਿਆਂ ਵਿਚ ਰੁਪਏ ਪਾ ਕੇ 1971 ਤੋਂ ਹੁਣ ਤੱਕ ਦੇਂਦੇ ਵੇਖੇ ਜਾ ਰਹੇ ਹਨ। ਕਈ ਵਾਰ ਰਾਜਾਂ ਦੇ ਮੁੱਖ ਮੰਤਰੀ ਖ਼ੁਦ ਸੰਪਾਦਕਾਂ ਦੇ ਘਰ ਜਾ ਕੇ ਵਿਆਹ ਸ਼ਾਦੀਆਂ ਵੇਲੇ ਜਾਂ ਸਿੱਧੇ ਪੈਸੇ ਪਹੁੰਚਾਉਂਦੇ ਵੇਖੇ ਗਏ ਹਨ। ਪੰਜਾਬ ਵਿਚ ਜਲੰਧਰ ਅਤੇ ਚੰਡੀਗੜ੍ਹ ਵਿਚ ਵੱਡੇ ਅਖ਼ਬਾਰਾਂ ਦੇ ਮੁੱਖ ਪੱਤਰ ਪ੍ਰੇਰਕਾਂ ਨੂੰ ਖ਼ਬਰਾਂ ਛਾਪਣ ਲਈ ਆਰਥਿਕ ਸੇਵਾ ਕੀਤੀ ਜਾਂਦੀ ਹੈ। ਵੱਡੇ ਵਪਾਰਕ ਘਰਾਣਿਆਂ ਅਤੇ ਭਾਰਤੀ ਹਾਕਮਾਂ ਦੀ ਦਲਾਲਨੁਮਾ ਸਾਂਝ ਦੀਆਂ ਖ਼ਬਰਾਂ ਛਾਪਣ ਤੋਂ ਅਖ਼ਬਾਰ ਦੇ ਸੰਪਾਦਕ ਹਾਲੀਆ ਇਨਕਾਰੀ ਹਨ। ਭਾਰਤੀ ਅਖ਼ਬਾਰ ਖਪਤਕਾਰੀ ਖੇਤਰ ਦੇ ਇਸ਼ਤਿਹਾਰਾਂ ਦੀ ਥਾਂ ਸਰਕਾਰੀ ਇਸ਼ਤਿਹਾਰਾਂ ਨਾਲ ਚੱਲਦੇ ਆ ਰਹੇ ਵੇਖੇ ਜਾਂਦੇ ਹਨ। ਉਹ ਨਿਰਪੱਖ ਕਿਵੇਂ ਹੋਣ?

# ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ




ਦੁੱਲਾ ਭੱਟੀ ਦਾ ਸ਼ੁਮਾਰ ਪੰਜਾਬ ਦੇ ਉਨ੍ਹਾਂ ਸੂਰਮਿਆਂ ਤੇ ਬਹਾਦਰਾਂ ਵਿਚ ਹੁੰਦਾ ਏ ਜਿਨ੍ਹਾਂ ਆਪੋ ਆਪਣੇ ਵਕਤ 'ਚ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਆਪਣੀ ਜਾਨ ਦਾ ਨਜ਼ਰਾਨਾ ਪੇਸ਼ ਕਰਕੇ ਹਮੇਸ਼ਾ ਹਮੇਸ਼ਾ ਲਈ ਖ਼ੁਦ ਨੂੰ ਅਮਰ ਕਰ ਲਿਆ। ਸੂਰਮਾਂ ਦੁੱਲਾ ਭੱਟੀ ਰਾਜਪੂਤ ਕਬੀਲ ੇਦਾ ਜਵਾਂ ਮਰਦ ਸੀ। ਇਹ ਕਬੀਲਾ ਤਕਰੀਬਨ 700 ਸਾਲ ਪਹਿਲਾਂ ਹਿੰਦੁਸਤਾਨ ਦੇ ਜੈਸਲਮੇਰ-ਰਾਜਸਥਾਨ ਤੋਂ ਤੋਂ ਹਿਜਰਤ ਕਰਕੇ ਏਥੇ ਆ ਕੇ ਆਬਾਦ ਹੋਇਆ। ਉਸ ਵਕਤ ਏਥੇ ਸੇਹੂ ਹੰਜਰਾਦ ਿਮ ਾਲਕੀਸ ੀਂ ਜਸਦ ਾ ਸਦਰ ਮੁਕਾਮ ਬਾਰ ਦਾ ਏਹੋ ਇਲਾਕਾ ਸੀ। ਉਹਦੀ ਇਜਾਜ਼ਤ ਨਾਲ ਇਹ ਕਬੀਲਾ ਪਿੰਡੀ ਭੱਟੀਆਂ ਦੇ ਮੁਕਾਮ 'ਤੇ ਆਬਾਦ ਹੋਇਆ। ਭੱਟੀ ਕਬੀਲਾ ਰਾਜਪੂਤ ਹੋਣ ਕਾਰਨ ਜੰਗਜੂ ਆਦਤਾਂ ਰੱਖਦਾ ਸੀ ਅਤੇ ਜੰਗ 'ਚ ਜਾਨ ਵਾਰਨ ਨੂੰ ਨੇਕੀ ਸਮਝਦਾ ਸੀ। ਏਸੇ ਲਈ ਰਫ਼ਤਾ ਰਫ਼ਤਾ ਇਨ੍ਹਾਂ ਦਾ ਇਸ ਸਾਰੇ ਇਲਾਕੇ 'ਤੇ ਕਬਜ਼ਾ ਹੋ ਗਿਆ। ਅਗਲੀਆਂ ਦੋ ਤਿੰਨ ਸਦੀਆਂ 'ਚ ਭੱਟੀਆਂ ਰਾਜਪੂਤ ਏਥੇ ਬਹੁਤੇ ਥਾਵਾਂ ਦੇ ਮਾਲਕ ਬਣ ਗਏ। ਸੋਲ੍ਹਵੀਂ ਸਦੀ ਦਰਮਿਆਨ ਇਹ ਖਿੱਤਾ ਛੋਟੀਆਂ-ਛੋਟੀਆਂ ਖ਼ੁਦਮੁਖਤਿਆਰ ਰਿਆਸਤਾਂ 'ਚ ਵੰਡਿਆ ਜਾ ਚੁੱਕਾ ਸੀ। ਇਹ ਆਪਣੀ ਆਪਸੀ ਬੇਇਤਫਾਕੀ ਦੀ ਵਜ੍ਹਾ ਕਾਰਨ ਮੁਗਲ ਹਮਲਾਵਰਾਂ ਦੇ ਜ਼ੁਲਮਾਂ ਦਾ ਸ਼ਿਕਾਰ ਬਣਦੇ ਰਹੇ। ਮੁਗਲ ਫੌਜਾਂ ਦਾ ਲਾਂਘਾ ਪਿੰਡੀ ਭੱਟੀਆਂ ਅਤੇ ਨਜ਼ਦੀਕੀ ਇਲਾਕਿਆਂ ਥਾਣੀ ਹੁੰਦਾ ਸੀ। ਉਸ ਜ਼ਮਾਨੇ ਵਿਚ ਜ਼ਰਾਇਤ ਜ਼ੋਰਾਂ 'ਤੇ ਨਹੀਂ ਸੀ ਅਤੇ ਬਹੁਤੀਆਂ ਜ਼ਮੀਨਾਂ ਚਰਾਂਦਾ ਤੇ ਜੰਗਲਾਂ ਹੇਠ ਸਨ। ਮੁਗਲ ਆਬਾਦੀਆਂ 'ਚ ਲੁੱਟਮਾਰ ਕਰਦੇ ਅਤੇ ਫਸਲਾਂ ਤੇ ਚਰਾਗਾਹਾਂ ਨੂੰ ਉਜਾੜ ਦਿੰਦੇ। ਆਪਣੇ ਘੋੜਿਆਂ ਤੇ ਤਮਾਮ ਲਾਉ ਲਸ਼ਕਰ ਦੇ ਜਾਨਵਰਾਂ, ਮਾਲ ਡੰਗਰਾਂ ਵਾਸਤੇ ਅਨਾਜ, ਚਾਰਾ ਤੇ ਪੈਸਾ ਟਕਾ 'ਕੱਠਾ ਕਰਕੇ ਜ਼ਬਰਦਸਤੀ ਖੋਹ ਕੇ ਲੈ ਜਾਂਦੇ। ਮੁਖ਼ਾਲਫ਼ਤ ਕਰਨ ਵਾਲਿਆਂ ਦਾ ਕਤਲੇਆਮ ਕੀਤਾ ਜਾਂਦਾ ਅਤੇ ਪਿੰਡਾਂ ਨੂੰ ਅੱਗ ਲਾ ਦਿੱਤੀ ਜਾਂਦੀ। ਇਹ ਇਕ ਖਾਸ ਨੁਕਤਾ ਸੀ ਜਿਥੋਂ ਮੁਗਲਾਂ ਤੇ ਭੱਟੀਆਂ ਦਰਮਿਆਨ ਦੁਸ਼ਮਣੀ ਦਾ ਮੁੱਢ ਬੱਝਿਆ। ਦੁੱਲਾ ਭੱਟੀ ਦੇ ਦਾਦੇ ਬਿਜਲੀ ਖਾਂ ਉਰਫ਼ ਸਾਂਦਲ ਖਾਂ ਨੇ ਇਲਾਕੇ ਦੀ ਖ਼ੁਦਮੁਖਤਾਰੀ ਅਤੇ ਰਖਵਾਲੀ ਵਾਸਤੇ ਇਰਦ ਗਿਰਦ ਦੇ ਸਰਦਾਰਾਂ ਨਾਲ ਮਿਲ ਕੇ ਇਕ ਫੌਜੀ ਟੁਕੜੀ ਕਾਇਮ ਕਰਕੇ ਮੁਗਲ ਹਾਕਮਾਂ ਖਿਲਾਫ਼ ਛਾਪਾ ਮਾਰ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਬਿਜਲੀ ਖਾਂ ਤੇ ਉਹਦੇ ਪੁੱਤਰ ਫਰੀਦ ਖਾਂ ਦੀ ਬਹਾਦਰੀ ਤੇ ਜਵਾਂਮਰਦੀ ਦਾ ਡੰਕਾ ਪੂਰੇ ਇਲਾਕੇ 'ਚ ਵੱਜਣ ਲੱਗਾ। ਆਖਰਕਾਰ ਮੁਗਲ ਬਿਜਲੀ ਖਾਂ ਤੇ ਫਰੀਦ ਖਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਗਏ। ਇਨ੍ਹਾਂ ਨੂੰ ਬਾਗੀ ਕਰਾਰ ਦੇ ਕੇ ਫਾਂਸੀ ਦੇ ਤਖ਼ਤੇ 'ਤੇ ਲਟਕਾਂ ਦੱਤਾ।ਦ_ੱਲੇਭ ੱਟੀਦ ੀਆਂ ਰਗਾਂ ਵਿਚ ਇਨ੍ਹਾਂ ਦਾ ਹੀ ਖ਼ੂਨ ਦੌੜ ਰਿਹਾ ਸੀ।

ਦੁੱਲੇ ਭੱਟੀ ਦੀ ਪੈਦਾਇਸ਼ ਸਨ 1547 ਈ. ਵਿਚ ਪਿੰਡੀ ਭੱਟੀਆਂ ਤੋਂ ਚੰਦ ਕੋਹ ਦੂਰ ਦਰਿਆ ਚਨ੍ਹਾਬ ਦੇ ਕਿਨਾਰੇ ਮੁਕਾਮ ਚੂਚਕ ਦੇ ਕਰੀਬੀ ਪਿੰਡ ਬਦਰ 'ਚ ਹੋਈ। ਦਰਅਸਲ ਇਹ ਮੁਕਾਮ ਉਸ ਦੌਰ 'ਚ ਦਰਿਆ ਦੇ ਆਰ-ਪਾਰ ਤਜ਼ਾਰਤ ਕਰਨ ਤੇ ਮੁਸਾਫਰਾਂ ਦੀ ਆਮਦੋ ਰਫ਼ਤ ਲਈ ਇਸਤੇਮਾਲ ਹੁੰਦਾ ਸੀ। ਚੂਚਕ ਭੀ ਦੁੱਲਾ ਭੱਟੀ ਦੇ ਖਾਨਦਾਨ 'ਚੋਂ ਸੀ ਇਸ ਤੋਂ ਬਾਅਦ ਭੱਟੀ ਦੀ ਚੌਥੀ ਪੁਸ਼ਤ ਵਿਚ 'ਅਉਦ' ਸੀ। ਅਉਦ ਦੇ 14 ਬੇਟਿਆਂ 'ਚੋਂ ਇਕ ਤਲਹਾਰਾ ਸੀ ਤੇ ਚੂਚਕ ਉਹਦਾ ਪੁੱਤਰ ਸੀ। ਚੂਚਕ ਦੇ ਤਿੰਨ ਬੇਟੇ ਨਸੀਓ, ਬਦਰ ਤੇ ਵਾਰਿਸ ਸਨ। ਇਹ ਤਿੰਨੇ ਪਹਿਲਾਂ ਬਦਰ ਪਿੰਡ 'ਚ ਈ ਰਹਿੰਦੇ ਸਨ ਜੋ ਮੁਗਲ ਦੌਰ ਵਿਚ ਮੌਜੂਦ ਪਿੰਡ ਚੂਚਕ ਅਤੇ ਬਹਿਲੋਲੀਵਰ ਦੇ ਦਰਮਿਆਨ ਫਤੂਆਣਾ ਤੇ ਤੂਤਵਾਲਾ ਦੇ ਮੁਕਾਮ ਪੁਰ ਸੀ। ਪਿੰਡ ਬਦਰ ਜਦੋਂ ਦਰਿਆ ਬੁਰਦ ਹੋਣ ਲੱਗਾ ਤਾਂ ਇਥੋਂ ਦੇ ਬਸ਼ਿੰਦੇ ਇਥੋਂ ਉੱਠ ਕੇ ਰੋਹੀਵਾਲਾ ਖੂਹ ਵਾਲੀ ਜੂਹ ਮੌਜੂਦਾ ਪਿੰਡ ਚੂਚਕ ਵਿਚ ਆ ਵਸੇ ਤੇ ਬਦਰ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ। ਦੁੱਲਾ ਭੱਟੀ ਦਾ ਖਾਨਦਾਨ ਅਸਲ ਵਿਚ ਪਿੰਡੀ ਭੱਟੀਆਂ 'ਚ ਆਬਾਦ ਸੀ। ਇਨ੍ਹਾਂ ਦੀ ਮਾਂ ਲੱਧੀ ਦਰਿਆਓਂ ਪਾਰ ਚਲਿਓਟ ਇਲਾਕੇ ਨਾਲ ਤੁਅੱਲਕ ਰੱਖਦੀ ਸੀ। ਜਦੋਂ ਅੰਮਾਂ ਲੱਧੀ ਨੇ ਦੁੱਲੇ ਨੂੰ ਜਨਮ ਦਿੱਤਾ ਤਾਂ ਉਹ ਦਰਿਆਓਂ ਪਾਰ ਜਾਣ ਲਈ ਬੇੜੀ 'ਚ ਸਵਾਰ ਸੀ। ਪੈਦਾਇਸ਼ ਦੇ ਵਕਤ ਦਾਈ ਨੇ ਦੁੱਲੇ ਦੇ ਜਿਸਮ ਤੇ ਇਕ ਨਿਸ਼ਾਨ ਦੇਖਿਆ ਤੇ ਉਹਦੀ ਮਾਂ ਨੂੰ ਕਿਹਾ ਕਿ ਇਹ ਬੱਚਾ ਤਾਰੀਖ ਵਿਚ ਆਪਣਾ ਨਾਂ ਚਮਕਾਵੇਗਾ ਅਤੇ ਇਹ ਬਹੁਤ ਦਲੇਰ ਤੇ ਨਿਡਰ ਹੋਵੇਗਾ। ਬਾਅਦ 'ਚ ਇਹ ਗੱਲ ਸੱਚੀ ਸਾਬਤ ਹੋਈ ਕਿਉਂ ਜੋ ਦੁੱਲੇ ਭੱਟੀ ਨੇ ਅਕਬਰਸ਼ਾਹੀ ਨੂੰ ਪੰਜਾਬ ਦੀ ਧਰਤੀ ਤੋਂ ਵੰਗਾਰਿਆ ਤੇ ਆਪਣੀ ਬਹਾਦਰੀ ਦੇ ਸਬੂਤ ਪੇਸ਼ ਕੀਤੇ। ਦੁੱਲੇ ਦਾ ਨਾਂ ਪੰਜਾਬ ਦੀ ਸ਼ਖ਼ਾਵਤੀ ਜ਼ਿੰਦਗੀ ਵਿਚ ਬਹਾਦਰੀ ਤੇ ਨਿਡਰਤਾ ਦੀ

ਅਲਾਮਤ ਬਣ ਕੇ ਸਾਹਮਣੇ ਆਇਆ।

ਜਦੋਂ ਦੁੱਲਾ ਭੱਟੀ ਜਵਾਨ ਹੋਇਆ ਤਾਂ ਪਰਥਾ ਜੱਟ, ਦਾਦੂ ਡੋਗਰ, ਜਮਾਲ ਖਾਂ, ਸਰਮਚੋ ਜੌੜਾ, ਕਲਾਬਰ ਵਾਲਾ, ਸੱਲ ਮਿਰਾਸੀ, ਦਉਲਾ ਕੂਲਾ ਅਤੇ ਖਾਬਨਾ ਵਜੀਰਾ ਇਸ ਦੇ ਕਰੀਬੀ ਸਾਥੀ ਸਨ। ਇਨ੍ਹਾਂ ਦੇ ਸੰਗ ਸਾਥ 'ਚ ਹੀ ਦੁੱਲੇ ਦੀਆਂ ਮਹਿਫਲਾਂ ਗਰਮ ਰਹਿੰਦੀਆਂ ਸਨ। ਇਹਨੇ ਆਪਣੀ ਜੰਗੀ ਤਾਕਤ 'ਚ ਵਾਧੇ ਦੇ ਨਾਲ ਆਪਣੇ ਅਸਰ ਰਸੂਖ ਹੇਠਲੇ ਇਲਾਕਿਆਂ ਵਿਚ ਵੀ ਵਾਧਾ ਕੀਤਾ। ਇਲਾਕੇ ਦੇ ਸੈਂਕੜੇ ਸਰਦਾਰ ਇਨ੍ਹਾਂ ਨਾਲ ਰਲ ਗਏ ਅਤੇ ਇਸ ਇਲਾਕੇ ਵਿਚ ਮੁਗਲਾਂ ਦਾ ਕੋਈ ਵੀ ਕਾਫਲਾ ਨਾ ਆ ਸਕਦਾ ਸੀ ਤੇ ਨਾ ਜਾ ਸਕਦਾ ਸੀ। ਉਸ ਜ਼ਮਾਨੇ ਵਿਚ ਹਿੰਦੁਸਤਾਨ ਦਾ ਕਿਸਾਨ ਬੇਹੱਦ ਮੁਸ਼ਕਲ ਜ਼ਿੰਦਗੀ ਗੁਜ਼ਾਰਦਾ ਸੀ। ਉਹਦੇ ਲਈ ਜਿਸਮ ਤੇ ਜਾਨ ਦਾ ਰਿਸ਼ਤਾ ਬਰਕਰਾਰ ਰੱਖਣਾ ਬਹੁਤ ਮੁਸ਼ਕਲ ਸੀ। ਜਦੋਂ ਕਿ ਹੁਕਮਰਾਨ ਸਹਿਜ਼ਾਦੇ ਅਤੇ ਜਾਗੀਰਦਾਰ ਐਸ਼ ਅਰਾਮ ਤੇ ਮੌਜਾਂ ਮਸਤੀਆਂ ਭਰੀਆਂ ਜ਼ਿੰਦਗੀਆਂ ਜੀਉ ਰਹੇ ਸਨ। ਅਕਸਰ ਹੀ ਕਿਸਾਨਾਂ ਦੀਆਂ ਜ਼ਮੀਨਾਂ, ਅਨਾਜ ਤੇ ਮਾਲ ਡੰਗਰ ਉਨ੍ਹਾਂ ਕੋਲੋਂ ਮਨਮਰਜ਼ੀ ਤੇ ਧੱਕੇ ਨਾਲ ਖੋਹ ਲਏ ਜਾਂਦੇ। ਕਿਸਮਤ ਮਾਰਿਆਂ ਨੂੰ ਸਰਕਾਰ ਵਾਸਤੇ ਬਗੈਰ ਕਿਸੇ ਇਵਜ਼ਾਨੇ ਉਜਰਤ ਤੋਂ ਮੁਸ਼ੱਕਤ ਤੇ ਬੇਗਾਰ ਕਰਨੀ ਪੈਂਦੀ। ਜਦੋਂ ਵੀ ਕਿਸੇ ਬਾਦਸ਼ਾਹ ਨੇ ਕੋਈ ਨਵਾਂ ਕਿਲਾ ਤਾਮੀਰ ਕਰਨਾ ਹੁੰਦਾ ਜਾਂ ਸ਼ਹਿਰ ਵਸਾਉਣਾ ਹੁੰਦਾ ਤਾਂ ਪੇਂਡੂ ਇਲਾਕੇ ਦੇ ਹਰ ਇਕ ਜੀਅ ਨੂੰ ਉਸਾਰੀ ਦੇ ਕੰਮ ਵਿਚ ਬਗੈਰ ਕਿਸੇ ਮੇਹਨਤਾਨੇ ਦੇ ਬੇਗਾਰ ਜਾਂ ਔਖੀ ਮੁਸ਼ੱਕਤ ਕਰਨੀ ਪੈਂਦੀ। ਆਮ ਕਿਸਾਨ ਇਸ ਸੂਰਤ ਹਾਲ ਤੋਂ ਬਹੁਤ ਤੰਗ ਆ ਚੁੱਕਿਆ ਸੀ। ਉਹ ਬਗਾਵਤ ਦੀਆਂ ਬਰੂਹਾਂ 'ਤੇ ਖੜ੍ਹਾ ਸੀ। ਉਹਨੂੰ ਸਿਰਫ਼ ਅਗਵਾਈ ਦੀ ਲੋੜ ਸੀ। ਪੰਜਾਬ ਵਿਚ ਉਹਨੂੰ ਅਜਿਹੇ ਆਗੂ ਮਿਲ ਗਏ ਜਿਨ੍ਹਾਂ ਨੇ ਸਰਕਾਰੀ/ਸ਼ਾਹੀ ਕਾਫਲਿਆਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਕ ਵਾਰ ਅਜਿਹਾ ਹੀ ਇਕ ਕਾਫਲਾ ਜਿਸ ਕੋਲ ਕਾਫੀ ਕੀਮਤੀ ਸਮਾਨ ਤੇ ਨਕਦਨਾਮਾ ਸੀ ਇਸ ਇਲਾਕੇ ਵਿਚ ਆ ਦਾਖਲ ਹੋਇਆ। ਇਹਦੇ ਉੱਤੇ ਦੁੱਲਾ ਭੱਟੀ ਦੇ ਲਸ਼ਕਰ ਨੇ ਐਨਾ ਜ਼ਬਰਦਸਤ ਹਮਲਾ ਕੀਤਾ ਕਿ ਮੁਗਲ ਲਸ਼ਕਰ ਹੈਰਾਨ ਹੋ ਗਿਆ। ਇਸ ਕਾਫਲੇ ਦਾ ਸਰਦਾਰ ਮੁਗ਼ਲ ਦਰਬਾਰੀ ਅਮੀਰ ਬੇਗ ਮਾਨਕੇਰਾ ਸੀ ਜਿਸ ਦਾ ਸਿਰ ਕਲਮ ਕਰਕੇ ਦੁੱਲਾ ਭੱਟੀ ਨੇ ਮੇਦੇ ਖੱਤਰੀ ਦੇ ਹੱਥ ਮੁਗ਼ਲ ਦਰਬਾਰ ਵਿਚ ਭੇਜ ਦਿੱਤਾ। ਨਾਲ ਈ ਸੁਨੇਹਾ ਵੀ ਦੇ ਦਿੱਤਾ ਕਿ ਇਹ ਤੋਹਫ਼ਾ ਦੁੱਲੇ ਭੱਟੀ ਵੱਲੋਂ ਹੈ।

ਦੁੱਲਾ ਭੱਟੀ ਸ਼ਾਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਦਾ ਫਰਜ਼ੰਦ ਹੈ। ਬੇਸ਼ੱਕ ਅਕਬਰ ਬਾਦਸ਼ਾਹ ਦੇ ਸਮੇਂ ਦੇ ਲਿਖਤੀ ਰਿਕਾਰਡ ਵਿਚ ਇਹਦਾ ਕਿਤੇ ਵੀ ਜ਼ਿਕਰ ਨਹੀਂ, ਅਤੇ ਨਾ ਹੀ ਇਹਦੀ ਸ਼ਹਾਦਤ ਬਾਬਤ ਕੋਈ ਸਬੂਤ ਮਿਲਦੇ ਹਨ ਪਰੰਤੂ ਲੋਕ ਰਿਵਾਇਤਾਂ ਵਿਚ ਇਸ ਘਟਨਾ ਨੂੰ ਲੰਘੀਆਂ ਚਾਰ ਸਦੀਆਂ ਤੋਂ ਲਗਾਤਾਰ ਬਿਆਨ ਕੀਤਾ ਜਾਂਦਾ ਰਿਹਾ ਹੈ। ਮੁਗ਼ਲ ਦਰਬਾਰ ਵਾਸਤੇ ਇਹ ਇਕ ਵੰਗਾਰ ਸੀ। ਮਿਰਜਾ ਨਿਜ਼ਾਮੁਦੀਨ ਨੂੰ ਬਾਰਾਂ ਹਜ਼ਾਰ ਫੌਜ ਅਤੇ ਜੰਗੀ ਸਾਜ਼ ਸਮਾਨ ਦੇ ਕੇ ਬਾਦਸ਼ਾਹ ਵੱਲੋਂ ਦੁੱਲਾ ਭੱਟੀ ਦੀ ਸਖ਼ਤੀ ਨਾਲ ਗ੍ਰਿਫ਼ਤਾਰੀ ਕਰਨ ਲਈ ਭੇਜਿਆ ਗਿਆ। ਨਿਜ਼ਾਮੁਦੀਨ ਦੀ ਫੌਜ ਨੇ ਜਦੋਂ ਪਿੰਡੀ ਭੱਟੀਆਂ 'ਤੇ ਹਮਲਾ ਕੀਤਾ ਉਸ ਵਕਤ ਦੁੱਲਾ ਆਪਣੇ ਨਾਨਕੇ ਚਨਿਉਟ ਗਿਆ ਹੋਇਆ ਸੀ। ਇਹਦੀ ਗ਼ੈਰ ਹਾਜ਼ਰੀ ਵੇਲੇ ਦੁੱਲਾ ਭੱਟੀ ਦੇ ਬੇਟੇ ਨੂਰ ਖਾਂ ਅਤੇ ਰਿਸ਼ਤੇ ਵਿਚੋਂ ਭਰਾ ਲਗਦੇ ਸਰਪੋਸ਼ਤੀ (ਮੇਹਰੂ) ਨੇ ਆਖਰੀ ਦਮ ਤੱਕ ਜੰਗ ਵਿਚ ਮੁਕਾਬਲਾ ਕੀਤਾ। ਆਖਰਕਾਰ ਪਿੰਡੀ ਭੱਟੀਆਂ ਵਾਲੇ ਹਾਰ ਗਏ, ਦੁੱਲਾ ਭੱਟੀ ਦੀ ਧੀ ਬਖ਼ਤੁਨਿਸ਼ਾ (ਬਖਤੋ) ਮਾਰੀ ਗਈ, ਮਾਂ ਲੱਧੀ ਤੇ ਦੋਨੋਂ ਬੀਵੀਆਂ ਫੁਲਰਾਂ ਅਤੇ ਨੂਰਾਂ ਨਜ਼ਰਬੰਦ ਕਰ ਲਈਆਂ ਗਈਆਂ। ਜਦੋਂ ਇਨ੍ਹਾਂ ਕੈਦੀਆਂ ਨੂੰ ਲਾਹੌਰ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਦੁੱਲੇ ਦੇ ਦੋਸਤ ਰੁੜੇ ਜੱਟ ਨੇ ਇਨ੍ਹਾਂ ਨੂੰ ਦੇਖਿਆ। ਉਹ ਤੇਜ਼ ਰਫ਼ਤਾਰ ਘੋੜਾ ਭਜਾ ਕੇ ਚਨਿਓਟ ਜਾ ਪਹੁੰਚਿਆ ਅਤੇ ਦੁੱਲਾ ਭੱਟੀ ਨੂੰ ਸੂਰਤ-ਹਾਲ ਤੋਂ ਜਾਣੂੰ ਕਰਵਾਇਆ। ਉਹਨੇ ਦੱਸਿਆ ਕਿ ਮੁਗ਼ਲਾਂ ਨੇ ਪਿੰਡੀ ਭੱਟੀਆਂ ਨੂੰ ਢਾਹ ਕੇ ਮਿੱਟੀ ਵਿਚ ਮਿਲਾ ਦਿੱਤਾ ਗਿਆ ਹੈ। ਤੇਰੀ ਮਾਂ ਲੱਧੀ ਅਤੇ ਧੀ ਸਲੀਮੋ ਤੇ ਬੇਟੇ ਨੂਰ ਖਾਂ ਨੂੰ ਮੁਗ਼ਲ ਫੌਜ ਫੜ ਕੇ ਲੈ ਗਈ ਹੈ। ਉਨ੍ਹਾਂ ਨੇ ਤੇਰੀ ਬਹੂ ਰਾਣੀ ਫੁਲਰਾਂ ਨੂੰ ਵੀ ਬੰਨ੍ਹ ਲਿਆ ਹੈ।

ਇਸ ਦੌਰਾਨ ਮੁਗ਼ਲ ਫੌਜ ਕੈਦੀਆਂ ਨੂੰ ਲੈ ਕੇ ਪਿੰਡੀ ਲਾਲ ਖਾਂ ਆ ਗਈ ਤੇ ਆਪਣਾ ਡੇਰਾ ਲਾ ਲਿਆ। ਬਾਰ ਦੇ ਇਸ ਸਰਹੱਦੀ ਇਲਾਕੇ ਦੇ ਸਰਦਾਰ ਲਾਲ ਖਾਂ ਦੀ ਜ਼ਮੀਰ ਨੇ ਇਹ ਬਰਦਾਸ਼ਤ ਨਾ ਕੀਤਾ ਕਿ ਦੁੱਲਾ ਭੱਟੀ ਦੇ ਪਰਿਵਾਰ ਦੀਆਂ ਔਰਤਾਂ ਮੁਗ਼ਲ ਦਰਬਾਰ ਵਿਚ ਜ਼ਲੀਲ ਤੇ ਸ਼ਰਮਿੰਦੀਆਂ ਕੀਤੀਆਂ ਜਾਣ। ਉਹ ਮੁਗ਼ਲ ਫੌਜ ਦੇ ਸਾਹਮਣੇ ਡੱਟ ਗਿਆ। ਦੂਜੇ ਪਾਸਿਓਂ ਦੁੱਲਾ ਭੱਟੀ ਵੀ ਲਸ਼ਕਰ ਲੈ ਕੇ ਜੰਗ ਦੇ ਮੈਦਾਨ ਵਿਚ ਆ ਪਹੁੰਚਿਆ। ਉਸ ਦੇ ਨਾਲ ਉਹਦੇ ਮਾਮੇ ਰਹਿਮਤ ਖਾਂ ਨੇ ਵੀ ਆਪਣੇ ਘੋੜ ਸਵਾਰ ਭੇਜੇ। ਦੁੱਲਾ ਭੱਟੀ ਨੇ ਜ਼ਬਰਦਸਤ ਜੰਗ ਕੀਤੀ ਜਿਸ ਨਾਲ ਮੁਗ਼ਲ ਫੌਜ ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਵੰਡੀ ਗਈ। ਲਗਦਾ ਸੀ ਕਿ ਮਿਰਜ਼ਾ ਨਿਜ਼ਾਮੁਦੀਨ ਦਾ ਸਿਰ ਛੇਤੀ ਹੀ ਧੜ ਨਾਲੋਂ ਵੱਖ ਹੋ ਜਾਵੇਗਾ ਪਰ ਮਿਰਜ਼ੇ ਨੇ ਬੜੀ ਚਲਾਕੀ ਨਾਲ ਆਪਣਾ ਸਿਰ ਦੁੱਲਾ ਭੱਟੀ ਦੀ ਮਾਂ ਲੱਧੀ ਦੇ ਪੈਰਾਂ ਉੱਤੇ ਰੱਖ ਕੇ ਰਹਿਮ ਦੀ ਦਰਖ਼ਾਸਤ ਕੀਤੀ। ਦੁੱਲੇ ਭੱਟੀ ਨੇ ਮਾਂ ਦੇ ਆਖਣ 'ਤੇ ਆਪਣੀ ਤਲਵਾਰ ਮਿਆਨ ਵਿਚ ਪਾ ਲਈ ਅਤੇ ਇੰਝ ਨਿਜ਼ਾਮੁਦੀਨ ਦੀ ਜਾਨ ਬਖਸ਼ੀ ਗਈ। ਪਰ ਇਸ ਮਕਾਰ ਨੇ ਮੌਕਾ ਮਿਲਦੇ ਹੀ ਖੁਫੀਆਂ ਫੌਜ ਦੀ ਮੱਦਦ ਨਾਲ ਦੁੱਲੇ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਮੌਕੇ ਵੀ ਦੁੱਲੇ ਨੇ ਜਵਾਂ ਮਰਦੀ ਵਿਖਾਉਂਦਿਆਂ ਕਈਆਂ ਦੇ ਸਿਰ ਧੜ ਨਾਲੋਂ ਵੱਖ ਕੀਤੇ।

ਆਖਰਕਾਰ ਦੁੱਲੇ ਨੂੰ ਲਾਹੌਰ ਦਰਬਾਰ ਵਿਚ ਲਿਜਾਇਆ ਗਿਆ ਅਤੇ ਬਾਦਸ਼ਾਹ ਅਕਬਰ ਦੇ ਹੁਕਮ ਨਾਲ 26 ਮਾਰਚ 1589 ਨੂੰ ਮੁਹੱਲਾ ਨਖ਼ਾਸ ਚੌਕ (ਲੰਡਾ ਬਾਜ਼ਾਰ) ਦੇ ਨੇੜੇ ਨੌਂ ਲੱਖਾ ਬਜ਼ਾਰ ਵਿਚ ਸੂਲੀ ਉੱਤੇ ਟੰਗ ਦਿੱਤਾ ਗਿਆ। ਇਕ ਰਵਾਇਤ ਮੁਤਾਬਕ ਜਦੋਂ ਦੁੱਲੇ ਨੂੰ ਸੂਲੀ ਉੱਤੇ ਟੰਗਿਆ ਜਾ ਰਿਹਾ ਸੀ ਤਾਂ ਉਥੇ ਮਸ਼ਹੂਰ ਸੂਫ਼ੀ ਸ਼ਾਹ ਹੁਸੈਨ ਵੀ ਆਏ। ਉਨ੍ਹਾਂ ਨੇ ਝੂਮ ਝੂਮ ਕੇ ਅਜਿਹੀਆਂ ਰਮਜ਼ਾਂ ਭਰੀਆਂ ਕਾਫੀਆਂ ਪੜ੍ਹੀਆਂ ਜੋ ਕਿਆਮਤ ਤੱਕ ਪੱਥਰਾਂ 'ਤੇ ਉਲੀਕੀਆਂ ਗਈਆਂ। ਦੁਲਾ ਭੱਟੀ ਦੀ ਸਾਰੀ ਜੱਦੋ-ਜਹਿਦ ਕਿਸਾਨਾਂ ਉੱਤੇ ਢਾਏ ਜਾਣ ਵਾਲੇ ਜ਼ੁਲਮਾਂ ਤੇ ਜ਼ਬਰਾਂ ਦੇ ਖਿਲਾਫ਼ ਸੀ। ਸਿੱਟਾ ਇਹ ਕਿ ਦੁੱਲਾ ਭੱਟੀ ਪੰਜਾਬ ਦਾ ਇਕ ਅਜਿਹਾ ਕਿਰਦਾਰ ਹੈ ਜਿਸ ਨੇ ਜਾਨ ਵਾਰ ਕੇ ਪੰਜਾਬ ਦੀ ਅਣਖ਼ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਨਾ ਹੀ ਜ਼ਮਾਨਾ ਇਸ ਨੂੰ ਭੁਲਾ ਸਕਿਆ। ਅੱਜ ਤੱਕ ਜ਼ੁਲਮ ਦੇ ਖਿਲਾਫ਼ ਲੜਨ ਵਾਲਾ ਦੁੱਲਾ ਭੱਟੀ ਪੰਜਾਬੀਆਂ ਦੇ ਜ਼ਹਿਨਾਂ ਵਿਚ ਰੋਜ਼ੇ ਰੋਸ਼ਨ ਦੀ ਤਰ੍ਹਾਂ ਕਾਇਮ ਹੈ।

ਦੁੱਲੇ ਭੱਟੀ ਦਾ ਕਿਰਦਾਰ ਸੁੰਦਰ ਮੁੰਦਰੀਏ ਦੀ ਦਾਸਤਾਨ ਦੇ ਹਵਾਲੇ ਨਾਲ ਵੀ ਇਕ ਗ਼ੈਰਤਮੰਦ ਤੇ ਬਹਾਦਰ ਪੰਜਾਬੀ ਦੀ ਗਵਾਹੀ ਦਿੰਦਾ ਹੈ। ਸੁੰਦਰ ਮੁੰਦਰੀ ਗਰੀਬ ਅਤੇ ਜ਼ਰੂਰਤਮੰਦ ਹਿੰਦੂ ਮੂਲ ਚੰਦ ਦੀ ਧੀ ਸੀ। ਉਹ ਪਿੰਡੀ ਭੱਟੀਆਂ ਦੇ ਨੇੜਲੇ ਪਿੰਡ ਕੋਟ ਨੱਕਾ ਦਾ ਰਹਿਣ ਵਾਲਾ ਸੀ। ਉਥੇ ਦੇ ਮੁਸਲਮਾਨ ਜਗੀਰਦਾਰ ਨੇ ਸੁੰਦਰ ਮੁੰਦਰੀ ਨਾਲ ਜ਼ਬਰਦਸਤੀ ਸ਼ਾਦੀ ਕਰਨੀ ਚਾਹੀ ਤਾਂ ਉਸ ਦਾ ਬਾਪ ਮੂਲ ਚੰਦ ਫਰਿਆਦ ਲੈ ਕੇ ਦੁੱਲੇ ਭੱਟੀ ਕੋਲ ਗਿਆ।

ਮੂਲ ਚੰਦ ਨੂੰ ਪਤਾ ਸੀ ਕਿ ਦੁੱਲਾ ਭੱਟੀ ਗਰੀਬਾਂ ਦਾ ਰਖਵਾਲਾ ਹੈ ਅਤੇ ਉਹ ਸਰਕਾਰੀ ਖਜ਼ਾਨੇ ਲੁੱਟ ਕੇ ਗਰੀਬਾਂ, ਮਸਕੀਨਾ ਤੇ ਜ਼ਰੂਰਤਮੰਦਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਚਾਹੇ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ ਦੁੱਲਾ ਸਭ ਨੂੰ ਇਕੋ ਨਜ਼ਰ ਨਾਲ ਵੇਖਦਾ ਸੀ।

ਦੁੱਲਾ ਭੱਟੀ ਨੇ ਮੂਲ ਚੰਦ ਨੂੰ ਤਸੱਲੀ ਦਿੱਤੀ ਤੇ ਕਿਹਾ ਕਿ ਸੁੰਦਰ ਮੁੰਦਰੀ ਤੇਰੀ ਹੀ ਨਹੀਂ ਮੇਰੀ ਵੀ ਧੀ ਹੈ। ਮੈਨੂੰ ਇਹਦਾ ਹਕੀਕੀ ਪਿਓ ਸਮਝ ਤੇ ਮੈਂ ਇਹਦੀ ਸ਼ਾਦੀ ਕਿਸੇ ਚੰਗੇ ਹਿੰਦੂ ਲੜਕੇ ਨਾਲ ਕਰਵਾ ਦੇਵਾਂਗਾ। ਉਹਨੇ ਮੂਲ ਚੰਦ ਨੂੰ ਵਿਦਾ ਕਰਦਿਆਂ ਕਿਹਾ ਕਿ ਮੁਸਲਮਾਨ ਜ਼ਿਮੀਂਦਾਰ ਨੂੰ ਹਾਂ ਕਰਕੇ ਬਰਾਤ ਲਿਆਉਣ ਲਈ ਸੁਨੇਹਾ ਭੇਜ ਦਿਓ। ਮੈਂ ਸ਼ਾਦੀ ਵਾਲੇ ਦਿਨ ਖ਼ੁਦ ਉਥੇ ਆਵਾਂਗਾ। ਉਧਰ ਦੁੱਲਾ ਭੱਟੀ ਨੇ ਸਾਂਗਲਾ ਹਿੱਲ ਇਲਾਕੇ ਦੇ ਇਕ ਹਿੰਦੂ ਮੁੰਡੇ ਨਾਲ ਸੁੰਦਰ ਮੁੰਦਰੀ ਦਾ ਰਿਸ਼ਤਾ ਤੈਅ ਕਰਕੇ ਉਨ੍ਹਾਂ ਨੂੰ ਵੀ ਉਸੇ ਦਿਨ ਬਰਾਤ ਲਿਆਉਣ ਲਈ ਆਖ ਦਿੱਤਾ। ਜਦੋਂ ਜ਼ਿਮੀਂਦਾਰ ਸੱਜ ਧੱਜ ਕੇ ਬਰਾਤ ਸਮੇਤ ਮੂਲ ਚੰਦ ਦੇ ਘਰ ਪਹੁੰਚਿਆ ਤਾਂ ਦੁੱਲਾ ਭੱਟੀ ਦੇ ਸ਼ੇਰ ਜਵਾਨਾਂ ਨੇ ਉਹਨੂੰ ਦਬੋਚ ਲਿਆ ਅਤੇ ਸਾਰੇ ਬਰਾਤੀਆਂ ਦੀ ਲੰਮਿਆਂ ਪਾ ਕੇ ਖ਼ੂਬ ਛਤਰੌਲ ਕੀਤੀ। ਇੰਨੇ ਨੂੰ ਸਾਂਗਲੇ ਵਾਲਿਆਂ ਦੀ ਬਰਾਤ ਵੀ ਪਹੁੰਚ ਗਈ ਤੇ ਦੁੱਲਾ ਖ਼ੁਦ ਵੀ ਆ ਗਿਆ ਜਦ ਮੁੰਡੇ ਕੁੜੀ ਦੇ ਫੇਰੇ ਹੋਣ ਲੱਗੇ ਤਾਂ ਦੁੱਲਾ ਭੱਟੀ ਨੇ ਹਿੰਦੂ ਰੀਤੀ ਰਿਵਾਜ਼ ਮੁਤਾਬਕ ਬਾਪ ਦੀ ਜ਼ਿੰਮੇਵਾਰੀ ਨਿਭਾਈ। ਕੁੜੀ ਨੂੰ ਲਾਲ ਰੰਗ ਦਾ ਸਾਲੂ, ਉਹਦੇ ਵਿਚ ਗੁੜ ਦੀ ਰੋੜੀ ਰੱਖ ਕੇ ਤੋਹਫ਼ੇ ਵਜੋਂ ਦਿੱਤੀ। ਇਹ ਮੰਜ਼ਰ ਉਸ ਵੇਲੇ ਆਪਣੀ ਮਿਸਾਲ ਆਪ ਹੀ ਸੀ। ਪਿੰਡ ਵਾਲਿਆਂ ਨੇ ਤਾਂ ਖ਼ੁਦ ਵੇਖਿਆ ਤੇ ਆਲੇ ਦੁਆਲੇ ਜਦੋਂ ਪਤਾ ਲੱਗਾ ਤਾਂ ਸਾਰੇ ਨੱਚ ਉੱਠ ਕੇ ਗਾਉਣ ਲੱਗੇ। ਉਹ ਭਰ ਸਰਦੀ ਦੇ ਕੜਾਕੇ ਵਾਲੇ ਦਿਨ ਸਨ ਪਰ ਉਨ੍ਹਾਂ ਦੇ ਗੀਤਾਂ ਨੇ ਗਰਮੀ ਪੈਦਾ ਕਰ ਦਿੱਤੀ। ਅੱਜ ਵੀ ਲੋਹੜੀ ਦੇ ਮੌਕੇ ਇਹ ਗੀਤ ਗਾਇਆ ਜਾਂਦਾ ਹੈ।

**ਸੁੰਦਰ ਮੁੰਦਰੀਏ...ਹੋ**
**ਤੇਰਾ ਕੌਣ ਵਿਚਾਰਾ...ਹੋ**
**ਦੁੱਲਾ ਭੱਟੀ ਵਾਲਾ...ਹੋ**
**ਦੁੱਲੇ ਧੀ ਵਿਆਹੀ...ਹੋ**
**ਸ਼ੇਰ ਸ਼ੱਕਰ ਪਾਈ...ਹੋ**

ਜਿਥੋਂ ਤੱਕ ਦੁੱਲਾ ਭੱਟੀ ਦੇ ਖਾਨਦਾਨ ਤੇ ਉਹਦੀ ਔਲਾਦ ਦਾ ਤੁਅੱਲਕ ਹੈ ਉਹ ਖ਼ੁਦ ਬਿਜਲੀ ਖਾਂ ਉਰਫ਼ ਸਾਂਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਭੱਟੀ ਦਾ ਪੁੱਤਰ ਸੀ। ਬਿਜਲੀ ਖਾਂ ਹੋਰੀ ਤਿੰਨ ਭਰਾ ਸਨ ਫਤਹਿ ਖਾਂ, ਪਿਰੌਜੇ ਖਾਂ ਤੇ ਰਾਅ ਉਸਮਾਨ ਖਾਂ। ਇਨ੍ਹਾਂ ਵਿਚੋਂ ਫਤਹਿ ਖਾਂ ਦੀ ਔਲਾਦ ਪਿੰਡੀ ਭੱਟੀਆਂ ਦੇ ਨਜ਼ਦੀਕੀ ਪਿੰਡ ਫਤਹਿ ਵਿਚ ਵੱਸਦੀ ਹੈ, ਰਾਅ ਉਸਮਾਨ ਦੀ ਔਲਾਦ ਨੇ ਪਹਿਲਾ ਪਿੰਡ ਠੱਠਾ ਰਾਏ ਆਬਾਦ ਕੀਤਾ। ਪਿਛੋਂ ਲਾਹੌਰ ਦੇ ਪਿੰਡ ਮਿਰਖ ਕਲਾਂ, ਮਿਰਖ ਖ਼ੁਰਦ ਅਤੇ ਮਿਹਰਵਾਲਾ ਵਿਚ ਜਾ ਵੱਸੇ। ਪਿਰੌਜੇ ਦੀ ਔਲਾਦ ਦੁੱਲੇ ਕੀ ਪਿੰਡ ਵਿਚ ਆਬਾਦ ਹੈ।

ਬਿਜਲੀ ਖਾਂ ਦੇ ਤਿੰਨ ਪੁੱਤਰ ਫਰੀਦ ਖਾਂ, ਪਰਾਣਾ ਅਤੇ ਸ਼ੇਖੂ ਸਨ। ਇਨ੍ਹਾਂ 'ਚੋਂ ਪਰਾਣਾ ਨੇ ਪਿੰਡੀ ਭੱਟੀਆਂ ਦੇ ਚੜ੍ਹਦੇ ਪਾਸੇ ਸੁੱਖੇ ਕੀ ਰੋਡ ਦੇ ਕਰੀਬ ਪਰਾਣੇ ਦੀ ਪਿੰਡ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਸੇ ਪਿੰਡ ਵਿਚ ਵਸਦੀ ਹੈ। ਜਦੋਂ ਕਿ ਸ਼ੇਖੂ ਦੇ ਪੰਜ ਬੇਟੇ ਸ਼ਾਹ ਮੁਹੰਮਦ, ਅਲੀ ਸ਼ੇਰ, ਸਾਬੂ, ਅਲਾਵਲ ਤੇ ਕੁਤਬਾ ਦੀਆਂ ਔਲਾਦਾਂ ਪਿੰਡੀ ਭੱਟੀਆਂ ਦੇ ਲਹਿੰਦੇ ਪਾਸੇ ਦੇ ਪਿੰਡ ਸ਼ਾਹ ਮੁਹੰਮਦ, ਮਕਸੂਦਾ, ਚੱਕ ਸਾਬੂ ਅਤੇ ਠੱਠੇ ਕੁਤਬਾ ਵਿਚ ਹਨ। ਖ਼ੁਦ ਦੁੱਲਾ ਭੱਟੀ ਹੋਰੀਂ ਪੰਜ ਭਰਾ ਸਨ – ਮਾਮੂਦ, ਬੁੱਢਾ, ਬਹਿਲੋਲ, ਸਲਾਰ ਅਤੇ ਆਦਮ। ਇਨ੍ਹਾਂ 'ਚੋਂ ਮਾਮੂਦ ਦੀ ਔਲਾਦ ਪਿੰਡੀ ਭੱਟੀਆਂ ਦੇ ਲਹਿੰਦੇ ਬੰਨੇ ਪਿੰਡਾਂ ਕੰਧਾਂ, ਮਿਰਜ਼ਾਂ ਭੱਟੀਆਂ ਤੇ ਸ਼ਾਹਪੁਰ ਵਿਚ ਹੈ। ਬਹਿਲੋਲ ਨੇ ਪਿੰਡ ਬਹਿਲੋਲ ਵਸਾਇਆ ਅਤੇ ਇਹਦੀਆਂ ਅਗਲੀਆਂ ਪੀੜ੍ਹੀਆਂ ਇਥੇ ਹੀ ਹਨ। ਬੁੱਢਾ ਦੀ ਔਲਾਦ ਪਿੰਡੀ ਭੱਟੀਆਂ ਦੇ ਆਸ ਪਾਸ ਰਹਿੰਦੇ ਬੁੱਢੇ ਕੀ ਭੱਟੀ ਅਖਵਾਉਂਦੇ ਹਨ। ਸਲਾਰ ਦੇ ਤਿੰਨ ਬੇਟਿਆਂ ਕਰਮਦਾਦ, ਫੁਲਾਲੀਆ ਅਤੇਜ ਲਾਲੀਆਦ ਿਆਂਅ ਾਲਅ ੌਲਾਦਾਂਹ ਵੇਲੀਕ ਰਮਦਾਦ,ਛ ੱਤੀ ਕਰਮਦਾਦ, ਚੱਕ ਭੱਟੀ, ਕੋਟ ਦਿਲਾਵਰ, ਸ਼ਾਹਦੋਕੀ ਭੱਟੀ, ਬਾਕਾ ਭੱਟੀ ਦੀਆਂ ਵਸਨੀਕ ਹਨ। ਜਿੱਥੋਂ ਤੱਕ ਦੁੱਲੇ ਭੱਟੀ ਦੀ ਆਪਣੀ ਪੀੜ੍ਹੀ ਦਾ ਤੁਅੱਲਕ ਹੈ ਉਹਦੇ ਬਾਬਤ ਵੱਖ–ਵੱਖ ਵਿਚਾਰ ਹਨ।

ਇਹਦੀ ਬੀਬੀ ਫੁਲਰਾਂ ਦਾ ਪਿਛੋਕੜ ਭੱਟੀ ਕਬੀਲੇ ਦਾ ਸੀ। ਲੋਕ ਰਵਾਇਤਾਂ ਵਿਚ ਦੁੱਲੇ ਦੇ ਤਿੰਨ ਪੁੱਤਰਾਂ ਅਤੇ ਦੋ ਧੀਆਂ ਦਾ ਜ਼ਿਕਰ ਹੈ। ਬੇਟੀਆਂ ਸਲੀਮੋ ਤੇ ਬਖ਼ਤੋ (ਬਖ਼ਤੁਲਨਿਸ਼ਾ) ਸਨ। ਬਖ਼ਤੋ ਪਿੰਡੀ ਭੱਟੀਆਂ ਤੇ ਹੋਏ ਹਮਲੇ 'ਚ ਮਾਰੀ ਗਈ ਸੀ। ਲੜਕਿਆਂ 'ਚ ਜਹਾਨ ਖਾਂ, ਕਮਾਲ ਖਾਂ ਅਤੇ ਨੂਰ ਖਾਂ ਸਨ। ਦੁੱਲਾ ਭੱਟੀ ਦੀ ਫਾਂਸ਼ੀ ਤੋਂ ਪਿੱਛੋਂ ਪਿੰਡੀ ਭੱਟੀਆਂ ਦੇ ਕਿਲੇ ਨੂੰ ਤਬਾਹ ਕਰ ਦਿੱਤਾ ਗਿਆ ਸੀ। ਇਹਦੀਆਂ ਔਲਾਦਾਂ ਇਰਦ ਗਿਰਦ ਬਿਖ਼ਰ ਗਈਆਂ। ਨੂਰ ਖਾਂ ਤੇ ਕਮਾਲ ਖਾਂ ਦੀਆਂ ਔਲਾਦਾਂ ਸਰਗੋਧੇ, ਮੰਡੀ ਬਹਾਉਦੀਨ, ਗੁਜਰਾਤ ਤੇ ਭੱਖਰ ਦੇ ਇਲਾਕਿਆਂ ਵਿਚ ਮੌਜੂਦ ਹਨ। ਜਹਾਨ ਖਾਂ ਕੁਝ ਅਰਸੇ ਪਿੱਛੋਂ ਪਿੰਡੀ ਭੱਟੀਆਂ ਆ ਗਿਆ ਅਤੇ ਇੱਥੇ ਪਿੰਡ ਦੁੱਲੇ ਕੀ ਮੁੜ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਥੇ ਵੱਸਦੀ ਰਸਦੀ ਹੈ।

**ਪੰਜਾਬੀ ਉਲੱਥਾ : ਡਾ. ਨਿਰਮਲ ਸਿੰਘ**
**ਪ੍ਰੋ. ਅਸਦ ਸਲੀਮ ਸ਼ੇਖ਼**
**ਵਾਇਸ ਪ੍ਰਿੰਸੀਪਲ, ਸਰਕਾਰੀ ਡਿਗਰੀ ਕਾਲਜ,**
**ਪਿੰਡੀ ਭੱਟੀਆਂ ਜ਼ਿਲ੍ਹਾ ਹਾਫਿਜ਼ਾਬਾਦ**
**ਲਹਿੰਦਾ ਪੰਜਾਬ, ਪਾਕਿਸਤਾਨ**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

ਕਹਾਣੀ

# ਝੂੰਗਾ

ਕਾਨਾ ਸਿੰਘ

ਜਦੋਂ ਦਾ ਬਹਾਦੁਰ ਆਇਆ ਹੈ, ਘਰ ਵਿੱਚ ਬੜੀ ਰੌਣਕ ਹੋ ਗਈ ਹੈ। ਹਰ ਚੀਜ਼ ਲਿਸ਼ਕੀ-ਪੁਸ਼ਕੀ, ਹਰ ਕੋਨਾ ਰੌਸ਼ਨ। ਮੈਨੂੰ ਹੀ ਪਤਾ ਹੈ ਕਿ ਮੈਂ ਪਿਛਲੇ ਪੰਜ ਸਾਲ ਇਸ ਭਾਂ-ਭਾਂ ਕਰਦੀ ਕੋਠੀ ਵਿੱਚ ਕਿਸ ਤਰ੍ਹਾਂ ਬਿਤਾਏ ਹਨ। ਵਰ੍ਹੇ-ਵਰ੍ਹੇ ਦਾ ਦਿਨ, ਘੜੀ ਦੀ ਟਿਕ-ਟਿਕ, ਦਿਲ ਦੀ ਧੱਕ-ਧੱਕ ਤੇ ਮੌਤ ਵਰਗੀ ਚੁੱਪ।

ਨਿਰਲੇਪ ਵਹੁਟੀ ਲੈ ਕੇ ਤੁਰਦਾ ਬਣਿਆ ਤੇ ਰੀਤੀ ਆਪਣੇ ਸਹੁਰੇ ਘਰ। ਰਹਿ ਗਏ ਅਸੀਂ ਮੀਆਂ ਤੇ ਬੀਵੀ ਅਤੇ ਟੀਟੂ ਤੇ ਸਿਲਕੀ। ਟੀਟੂ ਪੇਟ ਘਰੋੜੀ ਦਾ। ਪਿੱਛਲੀ ਉਮਰ ਦਾ ਜਮੋੜ। ਅਰੋੜਾ ਸਾਹਿਬ ਨੇ ਫੈਕਟਰੀ ਚਲੇ ਜਾਣਾ ਤੇ ਟੀਟੂ ਨੇ ਸਕੂਲ। ਸ਼ਹਿਰੋਂ ਬਾਹਰ ਐਨੀ ਵੱਡੀ ਕਨਾਲ ਦੀ ਕੋਠੀ ਵਿੱਚ ਮੈਂ ਕੱਲ ਮੁਕੱਲੀ। ਸਿਲਕੀ ਅੱਗੇ ਪਿੱਛੇ ਪੂਛ ਹਿਲਾਉਂਦੀ ਫਿਰਦੀ। ਉਸੇ ਨਾਲ ਗੱਲਾਂ ਕਰਦੀ ਰਹਿੰਦੀ ਮੈਂ। ਸਿਲਕੀ ਕੀ ਹੁੰਗਾਰਾ ਭਰੇ? ਬੇਜ਼ੁਬਾਨ ਜਾਨਵਰ! ਕਿੰਨੀ ਚੁਪ ਉਦਾਸ ਤੇ ਡਿੱਗੀ ਰਹਿੰਦੀ ਸਾਂ ਮੈਂ, ਡਿਪਰੈਸ਼ਨ ਦੀ ਮਰੀਜ਼।

ਐਸੀਡਿਟੀ, ਸਪਾਂਡੇਲਾਇਟਿਸ, ਜੋੜਾਂ ਦਾ ਦਰਦ, ਮਾਈਗਰੇਨ, ਬਲੱਡ ਪ੍ਰੈਸ਼ਰ, ਕੋਲੈਸਟਰੋਲ ਤੇ ਦਿਲ ਦੀ ਧੜਕਣ। ਕਿਹੜੀ ਬਿਮਾਰੀ ਸੀ ਜਿਹੜੀ ਨਹੀਂ ਸੀ ਮੈਨੂੰ ਚੰਬੜੀ ਹੋਈ। ਨਿੱਤ ਡਾਕਟਰਾਂ ਦੇ ਗੇੜੇ। ਦਵਾਈਆਂ ਹੀ ਦਵਾਈਆਂ ਹਰ ਨਵਾਂ ਡਾਕਟਰ ਦਵਾਈ ਬਦਲ ਦਿੰਦਾ। ਡਾਕਟਰ ਬਦਲਦੇ, ਦਵਾਈਆਂ ਬਦਲਦੀਆਂ ਤੇ ਬਦਲ ਜਾਂਦੇ ਦਵਾਈਆਂ ਦੇ ਨਾਂ। ਜੇ ਨਹੀਂ ਸੀ ਬਦਲਦੀ ਤਾਂ ਮੇਰੀ ਹਾਲਤ। ਉਹ ਤਾਂ ਬਦ ਤੋਂ ਬਦਤਰ ਹੀ ਹੁੰਦੀ ਜਾਂਦੀ। ਡਾਕਟਰ ਮੇਰੀ ਬਿਮਾਰੀ ਦਾ ਕਾਰਨ ਇਕਲਾਪਾ ਦੱਸਦੇ। ਪਰ ਬੰਦੇ ਕਿੱਥੋਂ ਲਿਆਈਏ?

ਭਲਾ ਹੋਵੇ ਮਿਸਟਰ ਕੁਮਾਰ ਦਾ। ਦੇਣੀਆਂ ਨਹੀਂ ਦੇ ਸਕਦੇ ਅਸੀਂ ਉਨ੍ਹਾਂ ਦੀਆਂ। ਉਨ੍ਹਾਂ ਨੇ ਹੀ ਲਿਆ ਕੇ ਦਿੱਤਾ ਏ ਬਹਾਦੁਰ। ਉਨ੍ਹਾਂ ਦਾ ਚਪੜਾਸੀ ਬਹਾਦੁਰ ਦਾ ਚਾਚਾ ਏ। ਪਿਛਲੀ ਛੁੱਟੀ ਤੇ ਜਦੋਂ ਉਹ ਨੇਪਾਲ ਗਿਆ ਤਾਂ ਵਾਪਸੀ ਉਤੇ ਇਸ ਨੂੰ ਨਾਲ ਲੈ ਆਇਆ। ਸੋਚਾਂ, ਇਤਨਾ ਨਿਕਚੂ ਜਿਹਾ ਭਲਾ ਕੀ ਕੰਮ ਕਰ ਸਕੇਗਾ? ਮੈਂ ਤਾਂ ਰੱਖ ਕੇ ਹੀ ਨਹੀਂ ਸੀ ਰਾਜ਼ੀ ਪਰ ਇਸ ਦੇ ਚਾਚੇ ਨੇ ਦੱਸਿਆ ਕਿ ਪੂਰੇ ਦਸਾਂ ਵਰ੍ਹਿਆ ਦਾ ਹੈ ਬਹਾਦੁਰ। ਬਸ ਕੱਦ ਦਾ ਹੀ ਮਧਰਾ ਏ। ਪਹਿਲਾਂ ਉਸ ਨੇ ਇਸ ਨੂੰ ਕਿਸੇ ਹੋਰ ਦੇ ਘਰ ਰਖਾਇਆ ਸੀ। ਦੋ ਮਹੀਨੇ ਉਥੇ ਰਿਹਾ ਪਰ ਖੁਸ਼ ਨਹੀਂ ਸੀ। ਉਹ ਚੰਗਾ ਖਾਣ ਨੂੰ ਨਹੀਂ ਸਨ ਦਿੰਦੇ। ਨਾਲੇ ਵੈਸ਼ਨੂੰ ਸਨ। ਮਾਸ ਮੱਛੀ ਨਹੀਂ ਸਨ ਖਾਂਦੇ। ਬਹਾਦੁਰ ਤਾਂ ਮਾਸਾਹਾਰੀ ਹੈ ਤੇ ਸਾਡੇ ਘਰ ਹਰ ਦੂਸਰੇ ਚੌਥੇ ਦਿਨ ਮਹਾਂਪ੍ਰਸ਼ਾਦ ਬਣਦਾ ਹੈ।

ਨੌਕਰ ਉਥੇ ਖੁਸ਼ ਰਹਿੰਦਾ ਹੈ ਜਿੱਥੇ ਖਾਣ ਨੂੰ ਚੰਗਾ ਚੋਖਾ ਮਿਲੇ ਤੇ ਵਿਤਕਰਾ ਵੀ ਨਾ ਹੋਵੇ। ਵੱਧ ਹੋਵੇ ਜਾਂ ਘੱਟ, ਤਨਖ਼ਾਹ ਤਾਂ ਘਰ ਵਾਲਿਆਂ ਨੂੰ ਹੀ ਜਾਣੀ ਹੁੰਦੀ ਹੈ। ਬੱਚੇ ਵਿਚਾਰੇ ਨੂੰ ਉਸ ਨਾਲ ਕੀ ਲਾਭ।

ਆਖਰ ਬੱਚਾ ਹੀ ਤਾਂ ਹੈ ਨਾ ਬਹਾਦੁਰ। ਸਾਡੇ ਟੀਟੂ ਤੋਂ ਚਾਰ ਸਾਲ ਛੋਟਾ ਏ ਤੇ ਟੀਟੂ ਕਿਤਨਾ ਲਾਡਲਾ ਏ? ਬਹਾਦੁਰ ਵੀ ਲਾਡਲਾ ਏ, ਮਾਪਿਆਂ ਦਾ ਇਕਲੌਤਾ ਪੁੱਤਰ! ਹੈ ਵੀ ਚੰਗੇ ਘਰ ਦਾ ਤੇ ਬ੍ਰਾਹਮਣ। ਝੋਨੇ ਦੇ ਖੇਤ ਨੇ ਉਨ੍ਹਾਂ ਦੇ, ਪਰ ਕੁੱਝ ਦੇਰ ਤੋਂ ਫਸਲ ਹੀ ਨਹੀਂ ਹੋ ਰਹੀ। ਦਾਦਾ ਬੁੱਢਾ ਸੁ ਤੇ ਪਿਉ ਦਮੇ ਦਾ ਮਰੀਜ਼। ਕਾਫ਼ੀ ਕਰਜ਼ਾ ਚੜ੍ਹ ਗਿਆ ਹੈ ਉਨ੍ਹਾਂ ਦੇ ਸਿਰ 'ਤੇ। ਕਹਿੰਦਾ ਪਿਓ ਬਹੁਤ ਪਿਆਰ ਕਰਦਾ ਏ ਉਸ ਨੂੰ। ਵਸਾਹ ਹੀ ਨਹੀਂ ਸੀ ਖਾਂਦਾ। ਸਾਹ ਨਾਲ ਹਫ਼ਦਾ ਵੀ ਉਸ ਨੂੰ ਘੰਦਾੜੇ 'ਤੇ ਚੜ੍ਹਾਈ ਰੱਖਦਾ ਸੀ। ਉਸ ਕਿੱਥੇ ਭੇਜਣਾ ਸੀ ਇਸ ਨੂੰ? ਇਹ ਤਾਂ ਇਸ ਦਾ ਚਾਚਾ ਚੋਰੀ ਲੈ ਆਇਆ। ਭਰਜਾਈ ਨੂੰ ਸਮਝਾ ਬੁਝਾ ਕੇ। ਅਖੇ, ਉਹ ਬਹਾਦੁਰ ਨੂੰ ਸ਼ਹਿਰ ਪੜ੍ਹਾਉਣ ਲਈ ਲਿਜਾ ਰਿਹੈ। ਪਤਾ ਨਹੀਂ ਹੁਣ ਇਸ ਦੇ ਪਿਉ ਦਾ ਕੀ ਹਾਲ ਹੋਵੇਗਾ।

ਪਿਉ ਨੂੰ ਯਾਦ ਕਰਕੇ ਬਹਾਦੁਰ ਬੜਾ ਉਦਾਸ ਹੋ ਜਾਂਦਾ ਹੈ। ਬੜੀਆਂ ਗੱਲਾਂ ਕਰਦਾ ਹੈ, ਵਤਨ ਦੀਆਂ। ਝੋਨੇ ਦੇ ਖੇਤਾਂ ਦੀਆਂ, ਪਾਣੀ ਦੇ ਝਰਨਿਆਂ ਦੀਆਂ, ਪਿਉ-ਦਾਦੇ ਤੇ ਮਾਂ ਦੀਆਂ ਤੇ ਦੋਸਤਾਂ ਅਤੇ ਸੰਗੀਆਂ ਦੀਆਂ ਗੱਲਾਂ ਹੀ ਗੱਲਾਂ। ਲੱਗੇ ਹੀ ਰਹੀਦੈ, ਗੱਲਾਂ ਵੀ ਤੇ ਕੰਮ ਵੀ।

ਨਿਰਲੇਪ ਦੀ ਰਸਮ ਤੇ ਰੀਤੀ ਦੇ ਸੋਨੂੰ ਦੀਆਂ ਸ਼ਰਾਰਤਾਂ ਬਾਰੇ ਸੁਣ ਕੇ ਬਹਾਦੁਰ ਬੜਾ ਹੱਸਦਾ ਹੈ! ਉਨ੍ਹਾਂ ਲਈ ਮਿੱਟੀ ਦੇ ਖਿਡੌਣੇ, ਕਾਗਜ਼ ਦੀਆਂ ਬੇੜੀਆਂ, ਭੰਬੀਰੀਆਂ, ਜਹਾਜ਼ ਤੇ ਹੋਰ ਕਿੰਨਾ ਕੁੱਝ ਹੀ ਬਣਾ-ਬਣਾ ਕੇ ਰੱਖੀ ਜਾਂਦਾ ਹੈ। ਸਾਡੇ ਬੱਚਿਆਂ ਦੀਆਂ ਚਿੱਠੀਆਂ ਆਉਣ ਸਹੀ, ਖੁਸ਼ੀ ਨਾਲ ਉਛਲ ਪੈਂਦਾ ਹੈ। ਕਹਿੰਦਾ ਹੈ 'ਮੈਂ ਦੀਦੀ ਦੇ ਸੋਨੂੰ ਦੀ ਘੋੜੀ ਬਣ ਕੇ ਉਸ ਨੂੰ ਖਿਡਾਵਾਂਗਾ, ਰਸ਼ਮੀ ਲਈ ਗੁੱਡੀ ਬਣਾਵਾਂਗਾ। ਬਸ ਦਿਨ ਗਿਣਦਾ ਹੈ ਕਿ ਕਦੋਂ ਉਹ ਆਉਣਗੇ।

ਰੌਣਕਾਂ ਦਾ ਤਾਂ ਬਾਹਲਾ ਹੀ ਭੁੱਖਾ ਹੈ। ਕੋਈ ਆਵੇ ਸਹੀ, ਚੰਨ ਚੜ੍ਹ ਜਾਂਦਾ ਹੈ ਉਸ ਨੂੰ। ਇਹੀ ਚਾਹੁੰਦਾ ਹੈ ਕਿ ਘਰ ਭਰਿਆ ਰਹੇ, ਗਹਿਮਾ-ਗਹਿਮਾ ਲੱਗੀ ਰਹੇ। ਹੁਣ ਆਉਂਦੇ ਵੀ ਬੜੇ ਨੇ। ਮੈਂ ਜੁ ਖਿੜੀ ਰਹਿੰਦੀ ਹਾਂ? ਹੁਣ ਨਹੀਂ ਹੁੰਦਾ ਮੈਨੂੰ ਕੋਈ ਡਿਪਰੈਸ਼ਨ, ਨਾ ਹੀ ਕਦੇ ਕੋਈ ਦਵਾਈ ਲੈਣੀ ਪਈ ਹੈ।

ਬਹਾਦਰ ਕਾਰਨ ਤਾਂ ਮੈਨੂੰ ਜ਼ਿੰਦਗੀ ਦਾ ਜਿਵੇਂ ਚਾਅ ਜਿਹਾ ਹੀ ਚੜ੍ਹ ਗਿਆ ਹੈ। ਅੱਗੇ ਦਾਲ ਸਬਜ਼ੀ ਵੀ ਨਹੀਂ ਸੀ ਬਣਦੀ ਮੈਥੋਂ। ਬੱਸ ਬੇਦਿਲਿਆਂ ਹੀ ਕੁੱਝ ਰਿੰਨ੍ਹ ਪਕਾ ਲਈਦਾ ਸੀ। ਕਿੰਨੇ-ਕਿੰਨੇ ਦਿਨ ਤਾਂ ਢਾਬੇ ਤੋਂ ਹੀ ਖਾਣਾ ਆਉਂਦਾ ਸੀ ਤੇ ਹੁਣ ਬਹਾਦੁਰ ਦੇ ਸੰਗ ਨਾਲ ਮੈਂ ਨਿੱਤ ਨਵੇਂ ਅਹਾਰ ਬਣਾਉਂਦੀ ਹਾਂ। ਆਚਾਰ, ਮੁਰੱਬੇ, ਚੱਟਣੀਆਂ, ਪਾਪੜ, ਫੁਲਵੜੀਆਂ, ਸੇਵੀਆਂ, ਕੇਕ, ਕੁਝ ਨਾ ਕੁਝ ਬਣਦਾ ਹੀ ਰਹਿੰਦਾ ਹੈ। ਉਹ ਨਾਲ ਬਰਾਬਰ ਦਾ ਕੰਮ ਜੁ ਕਰਾਉਂਦਾ ਹੋਇਆ। ਸਬਜ਼ੀਆਂ ਕੱਟ ਦਿੰਦਾ ਹੈ, ਮਸਾਲੇ ਪੀਹ ਦਿੰਦਾ ਹੈ। ਹੱਥੋਂ ਖੋਹ-ਖੋਹ ਕੇ ਕੰਮ ਕਰਦਾ ਹੈ, ਬੜੀ ਹੀ ਉਜ ਹੈ ਉਸ ਨੂੰ ਕੰਮ ਦੀ। ਬੱਚਾ ਜੁ ਹੋਇਆ।

ਬਹਾਦੁਰ ਲਈ ਤਾਂ ਕੰਮ ਵੀ ਖੇਡ ਹੀ ਹੈ ਜਿਵੇਂ। ਮੈਂ ਵੀ ਲਾਈ ਰੱਖਦੀ ਹਾਂ ਉਸ ਨੂੰ ਕਿਸੇ ਨਾ ਕਿਸੇ ਪਾਸੇ। ਵਿਹਲਿਆਂ ਨਹੀਂ ਬਹਿਣ ਦਿੰਦੀ। ਵਿਹਲਾ ਦਿਮਾਗ ਤਾਂ ਸ਼ੈਤਾਨ ਦਾ ਘਰ ਹੁੰਦੈ। ਉਹਦੀ ਫੁਰਤੀ ਸਾਹਮਣੇ ਕੋਈ ਵੱਡਾ ਕੀ ਟਿਕੇਗਾ ਭਲਾ! ਸਾਫ਼ ਸੁਥਰਾ ਵੀ ਬੜਾ ਏ। ਚੰਗੇ ਘਰਾਣੇ ਦਾ ਜੁ ਹੋਇਆ।

ਕਹਿੰਦੈ ਉਹਦੇ ਘਰ ਵਿੱਚ ਗਾਂ ਵੀ ਸੀਗੀ। ਖੁੱਲ੍ਹਾ ਦੁੱਧ ਤੇ ਘਰ ਦੀ ਖੇਤੀ। ਆਖਦੈ, ਜਦੋਂ ਮੈਂ ਦੇਸ਼ ਜਾਵਾਂਗਾ ਤਾਂ ਤੁਹਾਡੇ ਲਈ ਘਰ ਦੇ ਚਾਵਲ ਲੈ ਕੇ ਆਵਾਂਗਾ। ਉਂਜ ਹੈ ਤਾਂ ਬਹੁਤ ਹੀ ਖੁਸ਼ ਇੱਥੇ। ਘਰ ਜਾਣ ਦਾ ਨਾਂ ਨਹੀਂ ਲੈਂਦਾ।ਆਖਦੈ, ਦਸ ਸਾਲਾਂ ਬਾਅਦ ਜਾਵਾਂਗਾ।ਖ਼ੂਬ ਪੈਸੇ ਕਮਾਕੇ।ਏਨੇ ਕਿ ਜਿਸ ਨਾਲ ਪਿਓ ਆਰਾਮ ਨਾਲ ਬਹਿ ਕੇ ਖਾਏਗਾ ਤੇ ਇਲਾਜ ਵੀ ਕਰਾਏਗਾ। ਏਨੇ ਸਾਰੇ ਪੈਸੇ ਦੇਖ ਕੇ ਪਿਉ ਵਿਛੋੜੇ ਦਾ ਸਾਰਾ ਗਮ ਭੁੱਲ ਜਾਵੇਗਾ।

ਭੋਲਾ ਕਿਸੇ ਥਾਂ ਦਾ !ਕੀ ਪਤਾ ਪਿਉ ਤਦ ਤੱਕ ਰਹੇਗਾ ਵੀ ਕਿ ਨਾ।

ਇੱਕ ਪੁੱਤਰ ਦੀ ਮਾਂ ਤਾਂ ਅੰਨ੍ਹੀ ਹੁੰਦੀ ਏ ! ਪਤਾ ਨਹੀਂ ਵਿਚਾਰੀ ਦਾ ਕੀ ਹਾਲ ਹੁੰਦਾ ਹੋਵੇਗਾ? ਉਹਦੀ ਮਾਂ ਦਾ ਖ਼ਿਆਲ ਕਰਕੇ ਮੈਨੂੰ ਬਹਾਦਰ ਨਾਲ ਬੜਾ ਪਿਆਰ ਆਉਂਦਾ ਹੈ। ਆਪਣੇ ਪੁੱਤਰਾਂ ਤੋਂ ਵੀ ਵੱਧ। ਸੋਚਦੀ ਹਾਂ, ਆਖਰ ਲੋਕੀਂ ਯਤੀਮਾਂ ਨੂੰ ਵੀ ਤਾਂ ਪਾਲਦੇ ਹੀ ਨੇ ਨਾ। ਪੱਛਮੀ ਦੇਸ਼ਾਂ ਵਿੱਚ ਤਾਂ ਕਈ ਲੋਕ ਆਪਣੇ ਬੱਚੇ ਪੈਦਾ ਨਾ ਕਰਕੇ, ਲੂਲ੍ਹੇ ਲੰਗੜੇ, ਅਪਾਹਜਾਂ ਤੇ ਮਨੋਵਿਕਾਰ ਦੇ ਸ਼ਿਕਾਰ ਬੱਚਿਆਂ ਨੂੰ ਗੋਦ ਲੈ ਕੇ ਉਨ੍ਹਾਂ ਦਾ ਪਾਲਣ ਕਰਦੇ ਹਨ। ਫਿਰ ਇਹ ਤਾਂ ਘਰ ਦਾ ਨੌਕਰ ਹੈ। ਖੁਸ਼ ਰੱਖਾਂਗੇ ਤਾਂ ਦੂਣਾ ਕੰਮ ਕਰੇਗਾ। ਇਸ ਲਈ ਮੈਂ ਇਸ ਨੂੰ ਖੁੱਲ੍ਹਾ ਖਾਣਾ ਦਿੰਦੀ ਹਾਂ। ਪੇਟ ਭਰ। ਉਂਜ ਖਾਂਦਾ ਬਹੁਤ ਹੈ।ਅਸਾਂ ਤਿੰਨਾਂ ਤੋਂ ਵੱਧ। ਚਾਰ ਰੋਟੀਆਂ ਤੇ ਚਾਵਲ ਵੀ।

ਮੈਂ ਸਭ ਤੋਂ ਪਹਿਲਾਂ ਬਹਾਦੁਰ ਨੂੰ ਨਾਸ਼ਤਾ ਖੁਆਉਂਦੀ ਹਾਂ। ਆਪਣੇ ਵੱਲੋਂ ਏਨਾ ਰਜਾਅ ਦਿੰਦੀ ਹਾਂ ਕਿ ਉਸ ਦੀ ਅੱਖ ਭਰੀ ਰਹੇ ਤਾਂ ਜੁ ਟੀਟੂ ਤੇ ਅਰੋੜਾ ਸਾਹਿਬ ਦੇ ਅੰਡੇ ਤੇ ਪਰਾਂਠੇ ਉਸ ਦੀਆਂ ਅੱਖਾਂ ਵਿੱਚੋਂ ਨਾ ਨਿਕਲਣ। ਪਰ ਅੱਖ ਉਸ ਦੀ ਹੈ ਤਾਂ ਭੁੱਖੀ ਹੀ। ਕੋਈ ਖਾਣ ਬੈਠੇ ਸਹੀ, ਝੱਟ ਸਾਹਮਣੇ ਆਣ ਖੜ੍ਹਦਾ ਹੈ। ਇਸੇ ਕਰਕੇ ਤਾਂ ਮੈਂ ਪਿਉ ਪੁੱਤਰ ਨੂੰ ਨਾਸ਼ਤਾ ਦੇਣ ਵੇਲੇ ਬਹਾਦਰ ਨੂੰ ਬੈਡ ਰੂਮ ਵਿੱਚ ਝਾੜੂ ਪੋਚਾ ਕਰਨ ਭੇਜ ਦਿੰਦੀ ਹਾਂ। ਤੇ ਜਾਂ ਫਿਰ ਗੋਡੀ ਕਰਨ।

ਕਨਾਲ ਦੀ ਕੋਠੀ ਤੇ ਉਹ ਵੀ ਕੋਨੇ ਵਾਲੀ। ਜੜੀ ਬੂਟੀ ਤੇ ਘਾਹ ਪੁੱਟਦਿਆਂ ਨਹੀਂ ਮੁੱਕਦਾ। ਬਹਾਦਰ ਬਗੀਚੀ ਦਾ ਕੰਮ ਬੜੇ ਸ਼ੌਕ ਨਾਲ ਕਰਦਾ ਹੈ। ਮਾਲੀ ਛੁੱਟੀਆਂ ਵੀ ਬੜੀਆਂ ਕਰਦਾ ਸੀ। ਕੰਮਚੋਰ ! ਪੂਰੇ ਸੌ ਰੁਪਏ ਲੈਂਦਾ ਸੀ ਮਹੀਨੇ ਦੇ ਤੇ ਪਾਣੀ ਵੀ ਬਰਾਬਰ ਨਹੀਂ ਸੀ ਦਿੰਦਾ। ਬਸ ਪਾਈਪ ਲਾ ਕੇ ਤੁਰ ਜਾਂਦਾ ਸੀ। ਐਵੇਂ ਇਕੋ ਥਾਂ ਤੇ ਪਾਣੀ ਵਗਦਾ ਰਹਿੰਦਾ ਸੀ। ਬਹਾਦੁਰ ਤਾਂ ਆਪ ਨਾਲ ਨੂੰ ਫੜ ਕੇ ਪੂਰੇ ਘਾਹ ਉਤੇ ਤ੍ਰੌਂਕਦਾ ਹੈ। ਪਾਣੀ ਦੀ ਵੀ ਬੱਚਤ ਤੇ ਪੈਸਿਆਂ ਦੀ ਵੀ। ਬਗੀਚੀ ਵੀ ਸੱਜ ਵਿਆਹੀ ਵਹੁਟੀ ਵਾਂਗ ਉਜਲੀ, ਸੁਥਰੀ, ਸੱਜਰੀ ਸੰਵਰੀ। ਆਪਣੇ ਤੋਂ ਵੱਡੀ ਕਹੀ ਫੜਕੇ ਲੱਗਾ ਹੀ ਰਹਿੰਦਾ ਹੈ। ਘੁੱਗੀਆਂ, ਬੁਲਬੁਲਾਂ, ਚਿੜੀਆਂ ਤੇ ਲਾਲੜੀਆਂ ਨਾਲ ਗੱਲਾਂ ਲੱਗੇ ਨੂੰ ਆਪਣੀ ਕੋਈ ਸੁੱਧ-ਬੁੱਧ ਨਹੀਂ ਰਹਿੰਦੀ। ਬੂਟਿਆਂ ਨਾਲ ਜੱਫੀਆਂ ਪਾ ਕੇ ਉਨ੍ਹਾਂ ਨੂੰ ਇੰਝ ਚੁੰਮਦੈ ਜਿਵੇਂ ਉਹ ਉਸ ਦੇ ਮਾਂ ਜਾਏ ਹੋਣ।

ਖਿਆਲਾਂ ਵਿੱਚ ਮਗਨ ਬਹਾਦਰ ਦੇ ਹੱਥੋਂ ਪਰਸੋਂ ਤਾਂ ਕਹੀ ਹੀ ਡਿੱਗ ਪਈ ਤੇ ਉਸ ਦੇ ਖੱਬੇ ਪਾਸੇ ਦਾ ਅੰਗੂਠਾ ਲਹੂ ਲੁਹਾਣ ਹੋ ਗਿਆ। ਉਦੋਂ ਮੈਨੂੰ ਉਸ ਉਤੇ ਬੜਾ ਤਰਸ ਆਇਆ। ਭਲਾ ਇਹ ਵੀ ਕੋਈ ਉਮਰ ਏ ਕੰਮ ਕਰਨ ਦੀ? ਪਰ ਫਿਰ ਸੋਚਦੀ ਹਾਂ ਗ਼ਰੀਬਾਂ ਤੇ ਲੋੜਵੰਦਾਂ ਨੂੰ ਕੰਮ ਦੇਣਾ ਵੀ ਤਾਂ ਇਕ ਪੁੰਨ ਹੀ ਹੈ ਨਾ !

ਪਿਉ ਸੋਚਦਾ ਹੋਵੇਗਾ ਕਿ ਪੁੱਤਰ ਪੜ੍ਹਾਈ ਕਰ ਰਿਹੈ। ਵੱਡਾ ਹੋ ਕੇ ਚੰਗੀ ਨੌਕਰੀ ਕਰਨ ਲੱਗ ਪਏਗਾ ਤੇ ਫਿਰ ਸਾਰੇ ਧੋਣੇ ਧੋਤੇ ਜਾਣਗੇ। ਉਸ ਨੂੰ ਕੀ ਪਤਾ?

ਬਹਾਦੁਰ ਕਹਿੰਦਾ ਹੈ ਕਿ ਜੇ ਉਸ ਦੇ ਪਿਉ ਨੂੰ ਪਤਾ ਲੱਗ ਗਿਆ ਕਿ ਉਸ ਦਾ ਪੁੱਤਰ ਝਾੜੂ-ਪੋਚੇ ਕਰਦਾ ਹੈ ਤਾਂ ਉਸ ਨੂੰ ਬੜਾ ਦੁੱਖ ਲੱਗੇਗਾ। ਚਾਚਾ ਧਰੀਕ ਲਿਆਇਆ ਸੂ ਪਰ ਉਸ ਦਾ ਵੀ ਕੀ ਕਸੂਰ? ਉਸ ਤੋਂ ਆਪਣੇ ਘਰ ਦੀ ਦੁਰਦਸ਼ਾ ਨਹੀਂ ਵੇਖੀ ਗਈ ਹੋਣੀ ਨਾ। ਹੁਣ ਸੌ ਰੁਪਏ ਮਹੀਨੇ ਦੇ ਹਿਸਾਬ ਨਾਲ ਉਸ ਦੀ ਤਨਖ਼ਾਹ ਵੀ ਤਾਂ ਪਿੱਛੇ ਪੈ ਰਹੀ ਹੈ ਨਾ।

ਪੜ੍ਹਾਈ ਵੀ ਮੈਂ ਕਿਹੜਾ ਨਹੀਂ ਕਰਾ ਰਹੀ। ਦਿਹਾੜੀ ਵਿਹਲੇ ਵੇਲੇ ਉਸ ਨੂੰ ਕਦੇ-ਕਦੇ ਪੜ੍ਹਾਉਂਦੀ ਵੀ ਹਾਂ। ਛੇ ਮਹੀਨੇ ਹੀ ਤਾਂ ਹੋਏ ਸੂ ਆਇਆਂ ਤੇ ਸਾਰੀ ਏ. ਬੀ. ਸੀ. ਸਿੱਖ ਗਿਆ ਏ। ਟਵੈਂਟੀ ਤੱਕ ਗਿਣ ਵੀ ਲੈਂਦਾ ਹੈ। ਉਂਜ ਦਿਮਾਗ ਦਾ ਬੜਾ ਤੇਜ਼ ਹੈ।

ਗਰੀਬਾਂ ਦੇ ਬੱਚਿਆਂ ਦੀ ਬੁੱਧੀ ਬੜੀ ਤੀਖਣ ਹੁੰਦੀ ਹੈ। ਇਹ ਕਿਉਂ ਭਲਾ?

ਸ਼ੌਕ ਵੀ ਬੜਾ ਸੂ ਪੜ੍ਹਨ ਲਿਖਣ ਦਾ। ਟੀਟੂ ਦੀਆਂ ਕਿਤਾਬਾਂ ਫਰੋਲ-ਫਰੋਲ ਕੇ ਤੱਕਦਾ ਰਹਿੰਦਾ ਹੈ। ਬਸ ਚਾਹੁੰਦਾ ਹੈ 'ਲਿਖਦਾ ਹੀ ਰਹਾਂ' ਪਰ ਏਨੇ ਕਾਗਜ਼ ਕਿੱਥੋਂ ਆਉਣ? ਕਿੰਨਾ ਮਹਿੰਗਾ ਏ ਕਾਗਜ਼ ! ਜੇ ਪੇਪਰ ਨਾ ਮਿਲੇ ਤਾਂ ਲੱਕੜੀ ਨਾਲ ਵਿਹੜੇ ਦੀ ਮਿੱਟੀ ਵਿੱਚ ਹੀ ਲਿਖਣ ਲਕੀਰਣ ਲੱਗ ਪੈਂਦਾ ਹੈ।

ਵੈਸੇ ਤਾਂ ਸਰਕਾਰੀ ਸਕੂਲ ਵੀ ਘਰ ਦੇ ਕੋਲ ਹੀ ਹੈ। ਸਾਖਰਤਾ ਦੀਆਂ ਵੀ ਸ਼ਾਮੀਂ ਸਪੈਸ਼ਲ ਜਮਾਤਾਂ ਲੱਗਦੀਆਂ ਨੇ। ਅਰੋੜਾ ਸਾਹਿਬ ਕਹਿੰਦੇ ਨੇ ਕਿ ਬਹਾਦੁਰ ਨੂੰ ਦਾਖਲ ਕਰਾ ਦਿਆਂ ਪਰ ਮੇਰਾ ਹੱਠ ਨਹੀਂ ਪੈਂਦਾ। ਆਖ਼ਰ ਬੱਚਾ ਹੀ ਹੈ ਨਾ ! ਜੇ ਕੋਈ ਵਰਗਲਾ ਲਵੇ ਤਾਂ? ਚਾਰ ਪੈਸੇ ਵਾਧੂ ਮਿਲਣ ਦੇ ਲਾਲਚ ਵਿੱਚ ਕਿੱਧਰੇ ਨੱਸ ਹੀ ਨਾ ਜਾਏ। ਫੇਰ ਪਤਾ ਨਹੀਂ ਕੀ ਹਾਲ ਹੋਵੇ ਵਿਚਾਰੇ ਦਾ। ਕੀ ਪਤਾ ਉਸ ਨੂੰ ਏਨੇ ਲਾਡ ਨਾਲ ਕੋਈ ਰੱਖੇ ਕਿ ਨਾ।

ਮੈਂ ਤਾਂ ਨਹੀਂ ਖਾਂਦੀ ਬਹਾਦੁਰ ਦਾ ਵਿਸਾਹ। ਉੱਕਾ ਹੀ ! ਆਪਣੇ ਬੈਡਰੂਮ ਦੇ ਬਾਹਰ ਲੌਬੀ ਵਿੱਚ ਸਿਲਕੀ ਦੇ ਨਾਲ ਹੀ ਉਸ ਦਾ ਬਿਸਤਰਾ ਕਰਦੀ ਹਾਂ ਤਾਂ ਜੋ ਜੇ ਉਹ ਕਿੱਧਰੇ ਨੱਸਣ ਦੀ ਕੋਸ਼ਿਸ਼ ਕਰੇ ਤਾਂ ਸਿਲਕੀ ਉਸ ਵੇਲੇ ਭੌਂਕ ਕੇ ਖ਼ਬਰ ਕਰ ਦੇਵੇ।

ਸਵੇਰੇ ਮੂੰਹ ਹਨ੍ਹੇਰੇ ਦੋਧੀ ਦਾ ਭੋਂਪੂ ਸੁਣਦਿਆਂ ਹੀ ਬਹਾਦੁਰ ਦੌੜ ਕੇ ਦੁੱਧ ਲੈ ਆਉਂਦਾ ਹੈ। ਰਾਤੀਂ ਸਿਰਹਾਣੇ ਕੋਲ ਹੀ ਡੋਲੂ ਰੱਖ ਕੇ ਸੌਂਦਾ ਹੈ। ਪਹਿਲਾਂ ਮੈਨੂੰ ਉਠਣਾ ਪੈਂਦਾ ਸੀ। ਠੰਡ ਵਿੱਚ ਉਭੜਵਾਹੇ ਉਠਣ ਨਾਲ ਮੈਨੂੰ ਤਾਂ ਜ਼ੁਕਾਮ ਹੋ ਜਾਂਦਾ ਸੀ। ਨਿੱਛਾਂ ਹੀ ਨਿੱਛਾਂ ! ਹੁਣ ਬਹਾਦੁਰ ਨਾਲ ਬੜਾ ਸੁੱਖ ਹੋ ਗਿਆ ਹੈ। ਬਸ ਇਕ ਵਾਰ ਦੁੱਧ ਲੈਣ ਲਈ ਜੋ ਉਠਦਾ ਹੈ ਤਾਂ ਫਿਰ ਕੰਮ ਵਿੱਚ ਜੁੱਟ ਜਾਂਦਾ ਹੈ।

ਕਾਰ ਤਾਂ ਏਨੇ ਪਿਆਰ ਨਾਲ ਧੋਂਦਾ ਹੈ ਬਹਾਦੁਰ ਕਿ ਪੁੱਛੋਂ ਕੁੱਝ ਨਾ। ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੈ ਕਿ ਥੱਕਦਾ ਹੀ ਨਹੀਂ, ਕਦੇ ਖਿੜਕੀ ਤੇ ਕਦੇ ਪੱਖੇ, ਪਲੰਮ ਪਲੰਮ ਕੇ ਝਾੜਦਿਆਂ ਰੱਜਦਾ ਹੀ ਨਹੀਂ। ਉਂਜ ਹਾਲਾਂ ਮੈਂ ਨੌਕਰਾਣੀ ਨੂੰ ਨਹੀਂ ਹਟਾਇਆ। ਭਾਂਡੇ ਉਹੀ ਕਰਦੀ ਹੈ। ਅਜੇ ਤਾਂ ਬਹਾਦੁਰ ਦੇ ਹੱਥ ਹੀ ਨਹੀਂ ਪੁੱਜਦੇ ਨਲਕੇ ਤੱਕ। ਬੱਸ ਉਸ ਕੋਲੋਂ ਉਪਰਲਾ ਕੰਮ ਹੀ ਕਰਾਉਂਦੀ ਹਾਂ ਤੇ ਉਪਰਲਾ ਕੰਮ ਵੀ ਭਲਾ ਕੋਈ ਕੰਮ ਹੁੰਦੈ?

ਆਪਣਾ ਦਿਲ ਬੜਾ ਹੀ ਨਰਮ ਹੈ। ਵਾਸ਼ਿੰਗ ਮਸ਼ੀਨ ਵਿੱਚ ਕੱਪੜੇ ਧੋ-ਧੋ ਕੇ ਮੈਂ ਕੱਢੀ ਜਾਨੀ ਹਾਂ ਤੇ ਬਹਾਦੁਰ ਹੰਗਾਲਦਾ ਹੈ। ਸਾਬਣ ਕੱਢ, ਨਿਚੋੜ ਤੇ

ਨੀਲ ਲਗਾ ਕੇ ਉਹੀ ਸੁੱਕਣੇ ਪਾਉਂਦਾ ਹੈ। ਹੁਣ ਤਾਂ ਕੱਪੜੇ ਇਸਤਰੀ ਕਰਨੇ ਵੀ ਸਿੱਖ ਗਿਆ ਹੈ। ਮੇਰੇ ਸੂਟ, ਬਲਾਊਜ਼, ਸਰਾਹਣਿਆਂ, ਗੱਦੀਆਂ ਦੇ ਉਛਾੜ ਤੇ ਹੋਰ ਨਿੱਕੇ ਮੋਟੇ ਕੱਪੜੇ ਉਹੀ ਪ੍ਰੈਸ ਕਰਦਾ ਹੈ। ਧੋਬਣ ਦਾ ਬਿੱਲ ਹੁਣ ਅੱਧਾ ਨਹੀਂ ਰਿਹਾ। ਅੱਗੇ ਚਾਲ੍ਹੀ ਰੁਪਏ ਸੈਂਕੜੇ ਦੇ ਹਿਸਾਬ ਨਾਲ ਨਿੱਕੇ ਵੱਡੇ ਸਾਰੇ ਕੱਪੜੇ ਉਹ ਹੀ ਇਸਤਰੀ ਕਰਦੀ ਸੀ। ਹੁਣ ਤਾਂ ਸਿਰਫ਼ ਸਾੜ੍ਹੀਆਂ ਤੇ ਅਰੋੜਾ ਸਾਹਿਬ ਦੀਆਂ ਕਮੀਜ਼ਾਂ ਪੈਂਟਾਂ ਹੀ ਦੇਈਦੀਆਂ ਨੇ। ਬੱਚਤ ਦੀ ਬੱਚਤ ਤੇ ਬਹਾਦੁਰ ਲਈ ਖੇਡ। ਕੰਮ ਤਾ ਉਸ ਨੂੰ ਦੇਣਾ ਹੀ ਪੈਂਦਾ ਹੇ। ਜੇ ਨਾ ਦਿਆਂ ਤਾਂ ਆਪ ਜੁ ਕੱਢ ਲੈਂਦਾ ਹੋਇਆ। ਕਦੇ ਪਰਛੱਤੀ ਸਾਫ਼ ਕਰਨ ਲੱਗ ਪਏਗਾ ਤੇ ਕਦੇ ਟੀਟੂ ਦੀ ਅਲਮਾਰੀ।

ਇਕ ਵਾਰੀ ਕੋਈ ਕੰਮ ਤੱਕ ਲਏ ਸਹੀ, ਫੇਰ ਬਹਾਦੁਰ ਆਪੇ ਸ਼ੁਰੂ ਹੋ ਜਾਂਦਾ ਹੈ। ਅਜੇ ਉਸ ਦਿਨ ਦੀ ਹੀ ਗੱਲ ਲੈ ਲਵੋ। ਮੈਂ ਆਪਣੀ ਚੱਪਲ ਗੰਢਾਣ ਲਈ ਉਸ ਨੂੰ ਮੋਚੀ ਵੱਲ ਭੇਜਿਆ। ਬੱਸ ਤੱਕਦਾ ਰਿਹਾ ਹੋਵੇਗਾ ਧਿਆਨ ਨਾਲ ਤੇ ਕੱਲ੍ਹ ਉਸ ਆਪਣੀ ਚੱਪਲ ਖੰਧੂਈ ਵਿੱਚ ਧਾਗਾ ਪਾ ਕੇ ਆਪ ਗੰਢ ਲਈ।

ਬਹਾਦੁਰ ਨੂੰ ਤਾਂ ਖਾਣਾ ਪਕਾਉਣ ਦਾ ਵੀ ਬੜਾ ਸ਼ੌਕ ਹੈ। ਆਖਦਾ ਹੈ, 'ਸਵੇਰ ਦੀ ਚਾਹ ਤੁਹਾਨੂੰ ਮੈਂ ਬਣਾ ਕੇ ਦਿਆ ਕਰਾਂਗਾ। ਬਿਸਤਰੇ ਵਿੱਚ ਹੀ।' ਪਰ ਮੈਂ ਹੀ ਉਸ ਨੂੰ ਗੈਸ ਬਾਲਣੀ ਨਹੀਂ ਸਿਖਾਉਂਦੀ। ਭਾਵੇਂ ਉਹ ਵੇਖ-ਵੇਖ ਕੇ ਸਿੱਖ ਹੀ ਗਿਆ ਹੈ, ਪਰ ਮੈਂ ਨਹੀਂ ਇਜਾਜ਼ਤ ਦੇਣੀ। ਇਕ ਵਾਰ ਖੁੱਲ੍ਹ ਮਿਲੀ ਨਹੀਂ ਕਿ ਆਪੇ ਕੁਝ ਨਾ ਕੁਝ ਬਣਾ ਕੇ ਖਾਂਦਾ ਰਹੇਗਾ। ਨੌਕਰਾਂ ਨੂੰ ਦੁੱਧ ਤੇ ਘਿਉ ਤੋਂ ਦੂਰ ਹੀ ਰੱਖਣਾ ਚਾਹੀਦਾ ਹੈ। ਨਾਲੇ ਰਸੋਈਆ ਬਣਿਆ ਨਹੀਂ ਕਿ ਨੌਕਰ ਉਡਿਆ ਨਹੀਂ। ਫੇਰ ਤਾਂ ਉਸ ਦਾ ਭਾਅ ਵੀ ਵੱਧ ਜਾਏਗਾ।

ਬਹਾਦੁਰ ਦੇ ਆਉਣ ਨਾਲ ਟੀਟੂ ਨੂੰ ਵੀ ਬੜਾ ਸੁੱਖ ਹੋ ਗਿਆ ਹੈ। ਉਹ ਸਵੇਰੇ ਟੀਟੂ ਦਾ ਬਸਤਾ ਚੁੱਕ ਕੇ ਬੱਸ ਅੱਡੇ 'ਤੇ ਛੱਡਣ ਜਾਂਦਾ ਹੈ ਤੇ ਸ਼ਾਮੀਂ ਲੈਣ ਵੀ। ਆਖ਼ਰ ਛੇਵੀਂ ਜਮਾਤ ਦਾ ਬਸਤਾ ਕੋਈ ਘੱਟ ਭਾਰਾ 'ਤੇ ਨਹੀਂ ਹੁੰਦਾ। ਵਿਚਾਰੇ ਟੀਟੂ ਦੇ ਮੋਢੇ ਹੀ ਲਹਿ ਜਾਂਦੇ ਸਨ ਭਾਰ ਚੁੱਕ ਕੇ।

ਬਹਾਦਰ ਟੀਟੂ ਤੇ ਉਸ ਦੇ ਪਾਪਾ ਦੇ ਬੂਟ ਵੀ ਬੜੇ ਹੀ ਚਾਅ ਨਾਲ ਪਾਲਿਸ਼ ਕਰਦਾ ਹੈ। ਗੀਤੀ ਦੇ ਵਿਆਹ ਮਗਰੋਂ ਟੀਟੂ ਆਪਣੇ ਆਪ ਨੂੰ ਬੜਾ ਇਕੱਲਾ-ਇਕੱਲਾ ਮਹਿਸੂਸ ਕਰਨ ਲੱਗ ਪਿਆ ਸੀ। ਭਰਾ ਭਰਜਾਈ ਵੀ ਦੂਰ ਤੇ ਭੈਣ ਵੀ। ਉਦਾਸ ਹੀ ਰਹਿੰਦਾ ਚੁੱਪ-ਚੁੱਪ ! ਹੁਣ ਉਸ ਨੂੰ ਬਹਾਦੁਰ ਨਹੀਂ, ਸਗੋਂ ਛੋਟਾ ਭਰਾ ਹੀ ਮਿਲ ਗਿਆ ਹੋਵੇ ਜਿਵੇਂ ਬਹਾਦੁਰ ਵੀ ਉਸ ਨਾਲ ਬੜਾ ਮੋਹ ਕਰਦਾ ਹੈ। ਬਸ ਘੜੀਆਂ ਗਿਣਦਾ ਰਹਿੰਦਾ ਹੈ ਕਿ ਕਿਹੜਾ ਵੇਲਾ ਹੋਵੇ ਤੇ ਉਹ ਟੀਟੂ ਨੂੰ ਬੱਸ ਅੱਡੇ 'ਤੇ ਲੈਣ ਜਾਵੇ। ਨਾ ਧੁੱਪ ਤੱਕਦਾ ਹੈ ਤੇ ਨਾ ਮੀਂਹ। ਘੰਟਾ-ਘੰਟਾ ਪਹਿਲਾਂ ਪਹੁੰਚ ਜਾਂਦਾ ਹੈ। ਟੀਟੂ ਉਸ ਨੂੰ 'ਬਾਂਦਰ-ਬਾਂਦਰ' ਆਖ ਕੇ ਛੇੜਦਾ ਹੈ ਤੇ ਉਹ ਵੀ ਉਸ ਨੂੰ ਖੁਸ਼ ਕਰਨ ਲਈ ਉਸ ਦੇ ਅੱਗੇ ਪਿੱਛੇ ਬਾਂਦਰਾਂ ਵਾਂਗ ਟਪੂਸੀਆਂ ਮਾਰ ਕੇ ਭੁੜਕਦਾ ਤੇ ਖਊਂ-ਖਊਂ ਕਰਕੇ ਉਸ ਨੂੰ ਹਸਾਉਂਦਾ ਹੈ। ਟੀਟੂ ਉਸ ਨੂੰ ਘੋੜਾ ਬਣਾ ਕੇ ਆਪਣੀ ਘੋੜ ਸਵਾਰੀ ਦਾ ਝੱਸ ਜਿਹਾ ਪੂਰਾ ਕਰਦਾ ਹੇ ਤੇ ਫੇਰ ਵੀ ਬਹਾਦੁਰ ਹੱਸਦਾ ਹੀ ਰਹਿੰਦਾ ਹੈ, ਮੱਥੇ ਵੱਟ ਨਹੀਂ ਪਾਉਂਦਾ।

ਆਇਆ ਸੀ ਤਾਂ ਫਟੀ ਪੁਰਾਣੀ ਬਨੈਣ ਤੇ ਨਿੱਕਰ ਵਿੱਚ ਹੀ। ਮੈਂ ਝੱਟ ਹੀ ਬਹਾਦੁਰ ਨੂੰ ਟੀਟੂ ਦੇ ਪੁਰਾਣੇ ਕੁੜਤੇ ਵਿੱਚੋਂ ਕਮੀਜ਼ ਕੱਢ ਦਿੱਤੀ। ਅਰੋੜਾ ਸਾਹਿਬ ਦੇ ਕੱਪੜਿਆਂ ਵਿੱਚੋਂ ਬਹਾਦੁਰ ਦੇ ਕੱਪੜੇ ਆਰਾਮ ਨਾਲ ਨਿਕਲ ਆਉਂਦੇ ਹਨ। ਗੋਰਾ ਚਿੱਟਾ ਤਾਂ ਹੈ ਹੀ। ਕੱਪੜਿਆਂ ਵਿੱਚ ਬਣ-ਬਣ ਪੈਂਦਾ ਹੈ। ਨਾਲੇ ਸਾਫ਼-ਸੁਥਰਾ ਨੌਕਰ ਤਾਂ ਘਰ ਦੀ ਸ਼ਾਨ ਹੁੰਦਾ ਹੈ। ਕਹਿੰਦੇ ਨੇ ਜੇ ਕਿਸੇ ਦੇ ਘਰ ਦਾ ਸਟੈਂਡਰਡ ਵੇਖਣਾ ਹੋਵੇ ਤਾਂ ਜਾਂ ਉਸ ਦਾ ਗੁਸਲਖਾਨਾ ਵੇਖੋ ਤੇ ਜਾਂ ਫਿਰ ਨੌਕਰ। ਤੇ ਸਾਡਾ ਜਾਂਦਾ ਵੀ ਕੀ ਹੈ? ਕਿੰਨੀਆਂ ਨਵੀਆਂ ਨਕੋਰ ਕਮੀਜ਼ਾਂ ਪਿਉ ਪੁੱਤਰ ਕੰਡਮ ਕਰ ਸੁੱਟਦੇ ਸੀ। ਭਾਂਡੇ ਹੀ ਤਾਂ ਲੈਂਦੀ ਸੀ ਉਨ੍ਹਾਂ ਬਦਲੇ। ਕੀ ਪੱਲੇ ਪਾਉਂਦੇ ਨੇ ਭਾਂਡਿਆਂ ਵਾਲੇ? ਪੰਡ ਕੱਪੜਿਆਂ ਦੀ ਦੇ ਬਦਲੇ ਇਕ ਡੌਂਗਾ ਜਾਂ ਪਤੀਲਾ ਜਿਹਾ ਫੜਾ ਦੇਣਗੇ ਤੇ ਉਹ ਵੀ ਹਲਕਾ ਜਿਹਾ। ਹੁਣ ਬਹਾਦੁਰ ਦੇ ਕੱਪੜੇ ਤਾਂ ਝੁੱਗੇ ਵਿੱਚ ਹੀ ਬਣ ਜਾਂਦੇ ਨੇ। ਸੱਚ ਜਾਣੇ ਤਾਂ ਬਹਾਦੁਰ ਸਾਨੂੰ ਝੁੱਗੇ ਵਿੱਚ ਹੀ ਪੈ ਰਿਹੈ।

ਅਰੋੜਾ ਸਾਹਿਬ ਤਵੇ ਤੋਂ ਉਤਰਦੀ ਗਰਮਾ-ਗਰਮ ਤੇ ਫੁੱਲਵੀਂ ਰੋਟੀ ਹੀ ਖਾਂਦੇ ਨੇ। ਹੁਣ ਸੁੱਖ ਨਾਲ ਕਿੰਨੀਆਂ ਖਾਣਗੇ ਪੁੱਛਿਆ ਤੇ ਨਹੀਂ ਨਾ ਜਾਂਦਾ। ਬਚ ਹੀ ਜਾਂਦੀਆਂ ਸਨ। ਹੋਇਆ ਇਕ ਅੱਧ ਸਿਲਕੀ ਦੇ ਦੁੱਧ ਵਿੱਚ ਪਾ ਦਿੱਤੀ। ਬਾਕੀ ਦੀਆਂ ਤਾਂ ਐਵੇਂ ਹੀ ਸੁੱਕਦੀਆਂ ਸਨ। ਕੂੜੇ ਵਿੱਚ ਹੀ ਜਾਂਦੀਆਂ ਸਨ।

ਸਿਲਕੀ ਵੀ ਕਿਹੜੀ ਘੱਟ ਨਖਰੇਲੋ ਹੈ। ਰੋਟੀ ਖਾਂਦੀ ਹੀ ਕਿੱਥੇ ਹੈ? ਉਸ ਨੂੰ ਤਾਂ ਡਬਲਰੋਟੀ ਚੰਗੀ ਲੱਗਦੀ ਹੈ ਤੇ ਜਾਂ ਫਿਰ ਬਿਸਕੁਟ। ਰੋਟੀ ਤਾਂ ਸਿਰਫ਼ ਉਹ ਮੀਟ ਨਾਲ ਹੀ ਪਸੰਦ ਕਰਦੀ ਹੈ। ਮੀਟ ਦਾ ਬਹਾਦੁਰ ਵੀ ਚਟੋਰਾ ਏ। ਬੜੇ ਚਾਅ ਨਾਲ ਮਸਾਲਾ ਕੁੱਟਦਾ ਏ ਮੀਟ ਲਈ। ਜਿਸ ਦਿਨ ਮੁਰਗਾ ਮੱਛੀ ਬਣਨ ਦੀ ਭਿਣਕ ਪੈ ਜਾਵੇ ਉਸ ਦਿਨ ਮੈਨੂੰ ਖੁਸ਼ ਕਰਨ ਲਈ ਹੇਠਲੀ ਉਪਰ ਲੈ ਆਉਂਦਾ ਹੈ। ਪੌੜੀਆਂ ਧੋਣ ਲੱਗੇਗਾ। ਸਾਰੇ ਘਰ ਦੇ ਜਾਲੇ ਲਾਹੇਗਾ। ਮਾਸ ਦੀ ਭਾਵੇਂ ਤਰੀ ਹੀ ਮਿਲ ਜਾਏ, ਫਿਰ ਤਾਂ ਰੋਟੀਆਂ ਭੰਨਦਿਆਂ ਨਹੀਂ ਥੱਕਦਾ। ਪਰਸੋਂ ਉਸ ਪੂਰੀਆਂ ਪੰਜ ਖਾਧੀਆਂ ਉਹ ਤਾਂ ਹਾਲਾਂ ਵੀ ਬੱਸ ਨਾ ਕਰਦਾ। ਮੈਂ ਹੀ ਆਖਿਆ ਬੱਸ ਕਰ ਬੀਮਾਰ ਹੋ ਜਾਵੇਂਗਾ।

ਹਾਲਾਂਕਿ ਮੈਂ ਉਸ ਨੂੰ ਪਹਿਲਾਂ ਹੀ ਇਕ ਅੱਧ ਬੋਟੀ ਤੇ ਤਰੀ ਨਾਲ ਰੋਟੀ ਖੁਆ ਕੇ ਚੰਗੀ ਤਰ੍ਹਾਂ ਰਜਾ ਦਿੰਦੀ ਹਾਂ ਫੇਰ ਵੀ ਟੀਟੂ ਨੂੰ ਸੰਖੀ ਚਬਦਿਆਂ ਵੇਖ ਕੇ ਉਸ ਦੇ ਮੂੰਹ ਵਿੱਚ ਪਾਣੀ ਆ ਜਾਂਦਾ ਹੈ।

ਸੱਚ ਹੈ ਨੌਕਰ, ਨੌਕਰ ਹੀ ਹੁੰਦੈ, ਉਚੀ ਜਾਤ ਦਾ ਹੋਵੇ ਜਾਂ ਨੀਵੀਂ ਜਾਤ ਦਾ, ਰੱਜੇ ਘਰੋਂ ਆਇਆ ਹੋਵੇ ਜਾਂ ਭੁੱਖੇ ਘਰੋਂ, ਪਰ ਇਕ ਵਾਰ ਨੌਕਰ ਬਣ ਗਿਆ ਤਾਂ ਉਸ ਵਿੱਚ ਸਾਰੀਆਂ ਨੌਕਰਾਂ ਵਾਲੀਆਂ ਇੱਲਤਾਂ ਆ ਹੀ ਜਾਂਦੀਆਂ ਨੇ।

ਵੈਸੇ, ਭਾਵੇਂ ਥੋੜ੍ਹਾ ਹੀ ਦਿਆਂ, ਪਰ ਘਰ ਵਿੱਚ ਖੀਰ ਬਣੇ ਜਾਂ ਹਲਵਾ ਮੈਂ ਬਹਾਦੁਰ ਨੂੰ ਦਿੰਦੀ ਜ਼ਰੂਰ ਹਾਂ। ਨੌਕਰ ਦੀ ਅੱਖ ਵਿੱਚੋਂ ਨਿਕਲੀ ਚੀਜ਼ ਕਿਸੇ ਨੂੰ ਕਿੱਥੇ ਲੱਗਦੀ ਹੈ?

ਟੀਟੂ ਦੀ ਆਦਤ ਵੀ ਪਿਉ ਵਰਗੀ ਹੀ ਹੈ। ਪਿਉ ਪੁੱਤਰ ਕਿੰਨਾ ਕੁਝ ਹੀ ਛੱਡ ਦਿੰਦੇ ਨੇ, ਪਲੇਟ ਵਿੱਚ। ਪਹਿਲਾਂ ਮੈਂ ਖਾ ਲੈਂਦੀ ਸੀ। ਔਖਿਆਂ ! ਭਾਵੇਂ ਜੋੜਾਂ ਦੇ ਦਰਦਾਂ ਤੇ ਬਲੱਡ ਪ੍ਰੈਸ਼ਰ ਕਾਰਨ ਡਾਕਟਰਾਂ ਨੇ ਮੇਰੇ ਲਈ ਘਿਉ ਤੇ ਅੰਡਾ ਬੰਦ ਕੀਤਾ ਹੋਇਆ ਸੀ, ਪਰ ਦੇਸੀ ਘਿਉ ਵਿੱਚ ਬਣਿਆ ਪਰਾਂਠਾ ਤੇ ਆਮਲੇਟ ਸੁੱਟਿਆ ਤੇ ਨਹੀਂ ਨਾ ਜਾਂਦਾ। ਹੁਣ ਮੈਂ ਉਨ੍ਹਾਂ ਦੀਆਂ ਪਲੇਟਾਂ ਵਿੱਚੋਂ ਸਾਰੀ ਜੂਠ ਸੰਭਾਲ ਲੈਂਦੀ ਹਾਂ ਤੇ ਥੋੜ੍ਹੀ ਕਰਕੇ ਹਿਸਾਬ ਨਾਲ ਬਹਾਦੁਰ ਨੂੰ ਦਿੰਦੀ ਰਹਿੰਦੀ ਹਾਂ।

ਪਿਉ ਪੁੱਤਰ ਦੀ ਇਕ ਹੋਰ ਭੈੜੀ ਆਦਤ ਹੈ ਜੂਠਾ ਦੁੱਧ-ਚਾਹ ਛੱਡਣ

ਦੀ। ਚਾਹ ਤਾਂ ਚਲੋ ਮੰਨ ਲਿਆ ਬਈ ਕਿੰਨੀ ਵੀ ਛਾਣੋ ਹੇਠਾਂ ਪੱਤੀ ਦਾ ਮਹੀਨ ਬੂਰ ਰਹਿ ਹੀ ਜਾਂਦਾ ਹੈ, ਪਰ ਦੁੱਧ ਤਾਂ ਨਿਰਾ ਦੁੱਧ ਹੁੰਦੈ। ਉਹ ਕਿਉਂ ਨਾ ਪੀਤਾ ਜਾਵੇ ਤੋੜ ਤੱਕ? ਪਰ ਨਹੀਂ ਜੀ, ਛੱਡਦੇ ਹੀ ਨੇ ਦੋਵੇਂ ਆਖਰੀ ਘੁੱਟ। ਅੱਗੇ ਮੈਨੂੰ ਡੋਲ੍ਹਣਾ ਪੈਂਦਾ ਸੀ। ਸਿਲਕੀ ਮਿੱਠੇ ਵਾਲਾ ਦੁੱਧ ਪੀਂਦੀ ਜੁ ਨਾ ਹੋਈ। ਉਹਨੂੰ ਅਸਾਂ ਆਦਤ ਹੀ ਨਹੀਂ ਸੀ ਪਾਈ। ਕਹਿੰਦੇ ਨੇ ਕੁੱਤੇ ਨੂੰ ਮਿੱਠਾ ਖੁਆਉ ਤਾਂ ਉਸ ਨੂੰ ਖੁਰਕ ਪੈ ਜਾਂਦੀ ਹੈ। ਹੁਣ ਜੇ ਕਦੇ ਭੁੱਲ ਭੁਲੇਖੇ ਮਿੱਠੀ ਚੀਜ਼ ਦੇ ਦਿਉ ਤਾਂ ਖਾਂਦੀ ਹੀ ਨਹੀਂ। ਉਹ ਵੀ ਸੋਫਿਸਟਿਕੇਟਿਡ ਹੀ ਹੈ। ਆਖਰ ਅਲਸੇਸ਼ੀਅਨ ਹੈ ਤੇ ਉਹ ਵੀ ਪਿਉਰ ! ਕੋਈ ਦੇਸੀ ਤਾਂ ਨਹੀਂ?

ਹੁਣ ਮੈਂ ਗਲਾਸਾਂ ਦੇ ਆਖਰੀ ਘੁੱਟ ਬਹਾਦਰ ਦੀ ਨਜ਼ਰ ਤੋਂ ਬਚਾ ਕੇ ਕਟੋਰੀ ਵਿੱਚ ਇਕੱਠੇ ਸਾਂਭ ਕੇ ਫਰਿਜ ਵਿੱਚ ਰੱਖ ਦਿੰਦੀ ਹਾਂ।

ਸਾਨੂੰ ਸਾਰਿਆਂ ਨੂੰ ਰਾਤੀਂ ਦੁੱਧ ਪੀ ਕੇ ਸੌਣ ਦੀ ਆਦਤ ਹੈ। ਵੈਸੇ ਤਾਂ ਬਹਾਦੁਰ ਨੂੰ ਛੇਤੀ ਹੀ ਸਿਲਕੀ ਕੋਲ ਬਿਸਤਰ ਕਰਕੇ ਸੌਣ ਭੇਜ ਦੇਈਦਾ ਹੈ, ਪਰ ਜੇ ਕਦੇ ਉਹ ਵੀ ਸਾਡੇ ਨਾਲ ਟੀ. ਵੀ. ਦੀ ਲੇਟ ਨਾਈਟ ਵਾਲੀ ਫਿਲਮ ਵੇਖ ਰਿਹਾ ਹੋਵੇ ਤਾਂ ਉਸ ਨੂੰ ਵੀ ਉਹ ਫਰਿਜ਼ ਵਿੱਚ ਸੰਭਾਲਿਆ ਹੋਇਆ ਦੁੱਧ ਗਰਮ ਕਰ ਦਿੰਦੀ ਹਾਂ। ਅਸੀਂ ਪੀਵੀਏ ਤੇ ਉਹ ਤੱਕੇ, ਕੋਈ ਚੰਗਾ ਤੇ ਨਹੀਂ ਨਾ ਲੱਗਦਾ। ਆਖ਼ਰ ਉਹ ਵੀ ਰੱਬ ਦਾ ਜੀਵ ਹੈ। ਉਸ ਵਿੱਚ ਵੀ ਆਤਮਾ ਹੈ।

ਚਾਹ ਦਾ ਬੜਾ ਸ਼ੌਕੀਨ ਹੈ ਬਹਾਦੁਰ। ਕਹਿੰਦੈ ਉਸ ਦੀ ਮਾਂ ਉਸ ਨੂੰ ਸਾਵੀ ਚਾਹ ਪਿਲਾਂਦੀ ਸੀ। ਦੁੱਧ ਵਿੱਚ ਪੱਤੀ ਉਬਾਲ ਕੇ ਪਿਲਾਂਦੀ ਹੋਵੇਗੀ। ਮੈਂ ਤਾਂ ਉਸ ਨੂੰ ਏਨੀ ਮਹਿੰਗਾਈ ਵਿੱਚ ਦੁੱਧ ਵਾਲੀ ਚਾਹ ਨਹੀਂ ਪਿਲਾ ਸਕਦੀ, ਅਸੀਂ ਆਪ ਕਿਹੜਾ ਇੰਜ ਦੀ ਪੀਂਦੇ ਹਾਂ।

ਉਂਜ ਬਹਾਦੁਰ ਦੀ ਚਾਹ ਦੀ ਕੋਈ ਸਮੱਸਿਆ ਨਹੀਂ। ਆਇਆ ਗਿਆ ਤਾਂ ਲੱਗਾ ਹੀ ਰਹਿੰਦਾ ਹੈ। ਦਰਜਨਾਂ ਵਾਰ ਬਣਦੀ ਹੈ ਤੇ ਕੌਣ ਪੀਂਦਾ ਹੈ ਆਖਰੀ ਘੁੱਟ ਤੱਕ? ਕਈ ਤਾਂ ਅੱਧੀ-ਅੱਧੀ ਪਿਆਲੀ ਛੱਡ ਜਾਂਦੇ ਨੇ। ਮਹਿੰਗਾ ਦੁੱਧ ਤੇ ਮਹਿੰਗੀ ਖੰਡ, ਸੁੱਟੀ ਤਾਂ ਨਹੀਂ ਜਾਂਦੀ। ਬਹਾਦੁਰ ਉਸੇ ਵਿੱਚੋਂ ਭੁਗਤ ਜਾਂਦਾ ਹੈ।

ਜੂਠ ਸੁੱਚ ਤਾਂ ਪੁਰਾਣੀਆਂ ਘਿਸੀਆਂ ਪਿਟੀਆਂ ਗੱਲਾਂ ਨੇ, ਕੱਪ ਨਾਲ ਬੁੱਲ੍ਹ ਛੁਹਾਣ ਨਾਲ ਕੀ ਜੂਠਾ ਹੋ ਜਾਂਦਾ ਹੈ? ਛੂਆ-ਛੂਤ ਤੇ ਜੂਠ ਸੁੱਚ ਦੇ ਕਾਰਨ ਹੀ ਤਾਂ ਹਿੰਦੁਸਤਾਨ ਪੱਛੜਿਆ ਰਹਿ ਗਿਆ। ਅੰਗਰੇਜ਼ ਕਿੱਥੇ ਮੰਨਦੇ ਨੇ ਇਨ੍ਹਾਂ ਗੱਲਾਂ ਨੂੰ? ਉਨ੍ਹਾਂ ਦਾ ਤਰੀਕਾ ਵਧੀਆ ਏ। ਬਈ ਆਪੇ ਲੋੜ ਅਨੁਸਾਰ ਜੋ ਖਾਣਾ ਹੈ ਆਪਣੀ ਪਲੇਟ ਵਿੱਚ ਪਾ ਲਵੋ। ਤਰੀਕਾ ਤਾਂ ਸਾਡਾ ਵੀ ਅੱਜ ਕੱਲ ਇਹੀ ਹੈ। ਮੇਜ ਉਤੇ ਹੀ ਪਰੋਸ ਦੇਈਦਾ ਹੈ ਸਭ ਕੁਝ, ਪਰ ਸਦੀਆਂ ਦੀਆਂ ਪੱਕੀਆਂ ਹੋਈਆਂ ਆਦਤਾਂ ਦੇ ਮਾਰੇ ਅਸੀਂ ਆਪੇ ਹੀ ਪਲੇਟ ਭਰਦੇ ਹਾਂ ਤੇ ਆਪੇ ਹੀ ਜੂਠੀ ਛੱਡ ਦਿੰਦੇ ਹਾਂ। ਹਾਂਖਰੇ ਦੇ ਪਿੱਟੇ ਆਖੇ, 'ਵਾਦੜੀਆਂ, ਸਜਾਦੜੀਆਂ ਨਿਭਣ ਸਿਰਾਂ ਦੇ ਨਾਲ।'

ਸੁਣਿਐ ਮਦਰਾਸ ਤੇ ਕਲਕੱਤੇ ਵਿੱਚ ਜੂਠ ਵਿਕਦੀ ਹੈ। ਸੇਰਾਂ ਦੇ ਭਾਅ। ਗਰੀਬ ਕੰਗਾਲ ਤਾਂ ਉਸੇ ਨਾਲ ਪੇਟ ਭਰਦੇ ਨੇ, ਉਹ ਵੀ ਤਾਂ ਜੀਂਦੇ ਨੇ, ਇਹ ਤਾਂ ਆਖਰ ਘਰ ਦੀ ਹੀ ਜੂਠ ਹੈ ਤੇ ਘਰ ਦਾ ਹੀ ਨੌਕਰ। ਕੀ ਹਰਜ਼ ਹੈ?

ਕੱਲ੍ਹ ਪੂਰਨਮਾਸ਼ੀ ਸੀ। ਪ੍ਰਸ਼ਾਦ ਤਾਂ ਬਣਾਉਣਾ ਹੀ ਸੀ। ਪਰ ਖਾਵੇ ਕੌਣ? ਨਾ ਅਰੋੜਾ ਸਾਹਿਬ ਮਿੱਠਾ ਖਾਂਦੇ ਨੇ ਤੇ ਨਾ ਹੀ ਮੈਂ। ਬਸ ਮਾੜਾ ਜਿਹਾ ਮੂੰਹ ਲਾ ਲਈਦਾ ਹੈ। ਟੀਟੂ ਉਂਜ ਤਾਂ ਕੜਾਹ ਦਾ ਸ਼ੌਕੀਨ ਹੈ, ਪਰ ਰੜ੍ਹਿਆ ਰੜ੍ਹਿਆ ਹੀ ਖਾਂਦਾ ਹੈ ਤੇ ਉਹ ਵੀ ਥੋੜ੍ਹਾ ਹੀ। ਬੜਾ ਚੇਤੰਨ ਹੈ, ਮੁਟਾਪੇ ਬਾਰੇ। ਹੁਣ ਜੇ ਪੰਜ ਬੰਦਿਆਂ ਦੇ ਮੂੰਹ ਨਾ ਲੱਗੇ ਤਾਂ ਪ੍ਰਸ਼ਾਦ ਕਾਹਦਾ? ਅੱਗੇ ਮੈਂ ਗੇਟ ਵਿੱਚ ਖੜੋ ਜਾਂਦੀ ਸੀ, ਲੰਘਦਿਆਂ ਪਲੰਘਦਿਆਂ ਨੂੰ ਵਰਤਾਣ। ਕੋਈ ਲੈਂਦਾ ਸੀ ਤੇ ਕੋਈ ਕਤਰਾਅ ਕੇ ਲੰਘ ਜਾਂਦਾ ਸੀ। ਸੌ ਵਹਿਮ ਭਰਮ ਹੁੰਦੇ ਨੇ ਕਿ ਪਤਾ ਨਹੀਂ ਕੋਈ ਕਿਸ ਭਾਵਨਾ ਨਾਲ ਵਰਤਾਅ ਰਿਹਾ ਹੈ।

ਕਹਿੰਦੇ ਨੇ ਜੇ ਇਕ ਵਾਰ ਹੱਥ 'ਤੇ ਪ੍ਰਸ਼ਾਦ ਲੈ ਲਵੋ ਤਾਂ ਮੂੰਹ ਜ਼ਰੂਰ ਲਾਣਾ ਚਾਹੀਦਾ ਹੈ, ਨਹੀਂ ਤਾਂ ਘੋਰ ਪਾਪ ਲੱਗਦੈ। ਏਸੇ ਲਈ ਤਾਂ ਬਾਹਲੇ ਲੋਕੀਂ ਦੂਰੋਂ ਹੀ ਮੂੰਹ ਭੁਆ ਕੇ ਲੰਘ ਜਾਂਦੇ ਹਨ। ਉਂਜ ਵੀ ਲੋਕ ਅੱਜ ਕੱਲ੍ਹ ਬੜੇ ਹੰਕਾਰੇ ਗਏ ਹਨ। ਜਿਵੇਂ ਪ੍ਰਸ਼ਾਦ ਲੈ ਕੇ ਵੀ ਅਹਿਸਾਨ ਕਰ ਰਹੇ ਹੋਣ। ਸ਼ਰਧਾ ਤਾਂ ਕਿਸੇ ਵਿੱਚ ਰਹੀ ਹੀ ਨਹੀਂ। ਬਹਾਦੁਰ ਦੇ ਆਉਣ ਨਾਲ ਮੈਂ ਏਧਰੋਂ ਸੁਰਖਰੂ ਹੋ ਗਈ ਹਾਂ। ਓਸੇ ਨੂੰ ਖੁਆ ਦਿੰਦੀ ਹਾਂ, ਪਰ ਢੰਗ ਨਾਲ। ਥੋੜ੍ਹਾ-ਥੋੜ੍ਹਾ ਕਰਕੇ ਪੰਜ ਵਾਰ ਖੁਆ ਦਈਦਾ ਹੈ।

ਬੱਸ ਪੰਜ ਪਿਆਰਿਆਂ ਵਾਲੀ ਗੱਲ ਪੁੱਗ ਗਈ ਸਮਝੋ।

ਸੰਗਰਾਂਦ ਵਾਲੇ ਦਿਨ ਤਾਂ ਬਹਾਦੁਰ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਹੀ ਨਹੀਂ ਹੁੰਦਾ। ਬੱਸ ਫਿਰ ਦੇ ਬਾਲਟੀਆਂ ਤੇ ਬਾਲਟੀਆਂ, ਛੱਤ ਧੋਂਦਾ ਹੈ, ਪੌੜੀਆਂ ਧੋਂਦਾ ਹੈ, ਬਰਾਂਡੇ ਧੋਂਦਾ-ਧੋਂਦਾ ਸੜਕ ਤੱਕ ਪੁੱਜ ਜਾਂਦਾ ਹੈ।

ਬਾਹਰ ਦਾਨ ਦੇਣ ਨਾਲੋਂ ਤਾਂ ਚੰਗਾ ਏ ਘਰ ਦੇ ਨੌਕਰ ਨੂੰ ਹੀ ਦਈਏ ਨਾਲੇ ਪੁੰਨ ਨਾਲ ਫਲੀਆਂ।

ਨਵੇਂ ਵਿਆਹੇ ਸਾਂ ਤਾਂ ਮੈਂ ਅਰੋੜਾ ਸਾਹਿਬ ਦੇ ਦਫ਼ਤਰੋਂ ਪਰਤਣ ਉਤੇ ਉਨ੍ਹਾਂ ਦੇ ਬੂਟ ਲਾਹੁੰਦੀ ਸਾਂ। ਪੈਰ ਧੋਂਦੀ ਸਾਂ, ਘੁੱਟਦੀ ਸਾਂ। ਮਗਰੋਂ ਗ੍ਰਹਿਸਥੀ ਦੇ ਬੋਝ ਨਾਲ ਕਿਸ ਕੋਲ ਵਿਹਲ ਜਾਂ ਤਾਕਤ ਸੀ। ਆਪਣੀਆਂ ਹੀ ਬਾਹਾਂ ਦੁਖਦੀਆਂ ਰਹਿੰਦੀਆਂ ਨੇ। ਡਾਢੇ ਤਰਸੇ ਹੋਏ ਸਨ ਵਿਚਾਰੇ ਦਬਵਾਣ ਘੁਟਾਣ ਨੂੰ ਹੁਣ ਗੇਟ ਅੰਦਰ ਗੱਡੀ ਵੜਦਿਆਂ ਹੀ ਬਹਾਦਰ ਉਨ੍ਹਾਂ ਕੋਲ ਦੌੜ ਜਾਂਦਾ ਹੈ। ਬੈਗ ਤੇ ਸਾਰਾ ਸਮਾਨ ਫੜ ਕੇ ਅੰਦਰ ਲੈ ਆਉਂਦਾ ਹੈ। ਫੇਰ ਬੂਟ ਉਤਾਰਦਾ ਹੈ। ਗਰਮ ਪਾਣੀ ਨਾਲ ਉਨ੍ਹਾਂ ਦੇ ਪੈਰ ਧੋਂਦਾ ਤੇ ਘੁੱਟਦਾ ਹੈ। ਬੜੇ ਹੀ ਪਿਆਰ ਨਾਲ ਉਨ੍ਹਾਂ ਦਾ ਸਿਰ ਝੱਸਦਾ ਹੈ। ਆਖਦਾ ਹੈ ਉਸ ਦਾ ਪਿਉ ਏਸੇ ਤਰ੍ਹਾਂ ਉਸ ਦੀ ਮਾਲਿਸ਼ ਕਰਦਾ ਹੁੰਦਾ ਸੀ ਤੇ ਉਹ ਵੀ ਕਦੇ-ਕਦੇ ਆਪਣੇ ਦਾਦੇ ਨਾਲ ਲਾਡ ਲਡਾਉਂਦਾ ਹੋਇਆ ਉਸ ਦਾ ਸਿਰ ਝੱਸਦਾ ਹੁੰਦਾ ਸੀ।

ਪਿਉ ਤੇ ਦਾਦੇ ਦੀ ਯਾਦ ਵਿੱਚ ਗੁਆਚਾ ਬਹਾਦੁਰ ਘੰਟਿਆਂ ਬੱਧੀ ਇਨ੍ਹਾਂ ਨੂੰ ਨੱਪਦਾ ਘੁੱਟਦਾ ਰਹਿੰਦਾ ਹੈ। ਹੋਰ ਵਿਚਾਰੇ ਦਾ ਇੱਥੇ ਹੈ ਹੀ ਕੌਣ? ਅਸੀਂ ਹੀ ਤੇ ਹਾਂ ਨਾ ਉਸ ਦੇ ਮਾਪੇ।

ਮੇਰੀਆਂ ਲੱਤਾਂ ਵੀ ਡਾਢਾ ਖੁਸਦੀਆਂ ਰਹਿੰਦੀਆਂ ਸਨ। ਸਹਿਕਦੀ ਸਾਂ ਕਿ ਕੋਈ ਹੱਥ ਲਾਵੇ। ਮਾਲਿਸ਼ ਕਰਨ ਵਾਲੀਆਂ ਤਾਂ ਅੱਜ ਕੱਲ੍ਹ ਮਿਲਦੀਆਂ ਹੀ ਨਹੀਂ। ਸਰਦੀਆਂ ਵਿੱਚ ਮੈਨੂੰ ਜੋੜਾਂ ਦੇ ਦਰਦ ਬੜਾ ਪ੍ਰੇਸ਼ਾਨ ਕਰਦੇ ਨੇ। ਬੈਠਾਂ ਤਾਂ ਬੈਠੀ ਹੀ ਰਹਾਂ। ਸੂਹੇ ਘੁੱਟ ਹੋ ਜਾਂਦੇ ਨੇ ਗੋਡੇ। ਸੋਜ਼ਿਸ਼ਾਂ। ਮਸਾਂ-ਮਸਾਂ ਪਿੱਛਲੇ ਸਾਲ ਇਕ ਮਾਲਿਸ਼ ਕਰਨ ਵਾਲੀ ਮਿਲੀ ਸੀ। ਬੜੀ ਬੁੱਢੀ। ਮਰੀ ਮਰਦੂਦ ਜਿਹੀ। ਮੈਲੀ ਵੀ ਬੜੀ ਸੀ। ਬੋ ਆਉਂਦੀ ਸੀ ਉਸ ਕੋਲੋਂ। ਮਿਤਲਾਂਦਾ ਸੀ ਦਿਲ। ਕਚਿਆਣ ਜਿਹੀ। ਇਕ ਘੰਟੇ ਦੇ ਦਸ ਰੁਪਏ ਲੈਂਦੀ ਸੀ ਤੇ ਉਕਾ ਆਰਾਮ ਨਹੀਂ ਸੀ ਆਉਂਦਾ। ਵਗਾਰ ਹੀ ਕੱਟਦੀ ਸੀ। ਬਸ ਘੜੀ ਤੋਂ ਨਜ਼ਰ ਨਹੀਂ ਸੀ ਹਟਾਂਦੀ। ਮਜਾਲ ਹੈ ਜੁ ਪੰਜ ਮਿੰਟ ਵਾਧੂ ਲਾ ਦੇਵੇ।

ਇਕ ਦੋ ਵਾਰ ਮੈਂ ਬਿਊਟੀ ਪਾਰਲਰ ਵੀ ਗਈ ਸੀ ਮਾਲਿਸ਼ ਕਰਾਉਣ। ਪੂਰੇ ਸੌ ਰੁਪਏ ਲੈਂਦੀਆਂ ਨੇ ਇਕ ਘੰਟੇ ਦੀ ਮਾਲਿਸ਼ ਦੇ। ਘਿਉ ਦੀ ਥਾਂ ਤੇ

ਕੋਲਡ ਕਰੀਮ ਲਗਾਉਂਦੀਆਂ ਨੇ। ਕੋਲਡ ਕਰੀਮ ਵੀ ਕਾਹਦੀ ਜੀ, ਸੁਣਦੀ ਹਾਂ, ਪੈਟਰੋਲੀਅਮ ਜੈਲੀ ਵਿੱਚ ਮਾੜਾ ਜਿਹਾ ਇਤਰ ਰਲਾਅ ਲੈਦੀਆਂ ਨੇ ਤੇ ਜੈਤੂਨ ਦੇ ਤੇਲ ਦੀ ਥਾਂ ਤੇ ਰਿਫਾਈਂਡ ਆਇਲ ਪਾ ਦਿੰਦੀਆਂ ਨੇ ਪਤਲੀਆਂ ਸੁਕੜੀਆਂ ਕੁੜੀਆਂ, ਪੁੱਠੇ ਸਿੱਧੇ ਹੱਥ ਮਾਰ ਕੇ ਝੱਟ ਬੁੱਕਾਂ ਰੁਪਏ ਬਟੋਰ ਲੈਂਦੀਆਂ ਨੇ।

ਬਹਾਦੁਰ ਦੇ ਮਹੀਨੇ ਦੀ ਤਨਖਾਹ ਬਿਊਟੀ ਪਾਰਲਰ ਦੇ ਇਕ ਘੰਟੇ ਦੀ ਮਾਲਿਸ਼ ਦੇ ਬਰਾਬਰ ਸਮਝੋ। ਤੋਬਾ! ਤੋਬਾ! ਬਾਜ਼ ਆਏ ਇਹੋ ਜਿਹੇ ਚੋਚਲਿਆਂ ਤੋਂ।

ਹੁਣ ਮੈਂ ਬਾਹਦੁਰ ਨੂੰ ਮਾਲਿਸ਼ ਕਰਨੀ ਸਿਖਾ ਦਿੱਤੀ ਹੈ। ਕੋਸੇ ਦੇਸੀ ਘਿਉ ਤੇ ਬਦਾਮ ਰੋਗਨ ਨਾਲ ਕਰਾਈਦੀ ਹੈ ਤੇ ਉਹ ਵੀ ਸਾਰੇ ਬਦਨ ਦੀ। ਗੋਡਿਆਂ ਵੱਲੋਂ ਥੱਲੇ ਪੈਰਾਂ ਵੱਲ ਜਾਂਦੀਆਂ ਨਸਾਂ ਨੂੰ ਦਬਾਂਦੇ ਜਾਣਾ ਤੇ ਫੇਰ ਸੱਜੇ ਹੱਥ ਦੀ ਤਲੀ ਨਾਲ ਵਾਰ-ਵਾਰ ਹੇਠਾਂ ਉਪਰ ਝੱਸਣਾ। ਬੜੀ ਪ੍ਰੀਤ ਨਾਲ ਝੱਸਦਾ ਹੈ। ਬੜੇ ਚੰਗੇ ਲੱਗਦੇ ਹਨ ਉਸ ਦੇ ਨਿੱਕੇ-ਨਿੱਕੇ, ਪੋਲੇ-ਪੋਲੇ ਹੱਥ।

ਕਦੇ ਏਨਾ ਪਿਆਰ ਆ ਜਾਂਦਾ ਹੈ ਕਿ ਜੀ ਕਰਦੈ ਉਸ ਦੇ ਹੱਥ ਚੁੰਮ ਲਵਾਂ, ਪਰ ਥਿੰਦੇ ਜੁ ਹੁੰਦੇ ਨੇ। ਨਾਲੇ ਨੌਕਰ ਨੂੰ ਨੌਕਰ ਦੀ ਥਾਂ 'ਤੇ ਰੱਖਣ ਵਿੱਚ ਹੀ ਸਿਆਣਪ ਹੈ।

ਮੇਰੀਆਂ ਦਰਦਾਂ ਤਾਂ ਬਸ ਕਾਫ਼ੂਰ ਹੀ ਹੋ ਗਈਆਂ ਲੱਗਦੀਆਂ ਨੇ। ਹੁਣ ਨਹੀਂ ਖੁੱਸਦੇ, ਮੇਰੇ ਹੱਥ ਪੈਰ।

ਅਸਲ ਵਿੱਚ ਅਸਾਂ ਜਨਾਨੀਆਂ ਨੂੰ ਏਸ ਉਪਰਲੇ ਕੰਮ ਨੇ ਹੀ ਬੀਮਾਰ ਕੀਤਾ ਹੁੰਦੈ। ਠੰਡੇ ਤੱਤੇ ਪਾਣੀ ਵਿੱਚ ਹੱਥ ਮਾਰਨੇ, ਕੱਪੜੇ ਧੋਣੇ, ਝਾੜ-ਪੂੰਝ ਕਰਨੀ। ਵੱਡੀਆਂ-ਵੱਡੀਆਂ ਕਨਾਲੀ, ਦੋ ਕਨਾਲੀ ਕੋਠੀਆਂ! ਕੰਮ ਕਰਨ ਵਾਲੀਆਂ ਕਦੇ ਮਿਲਦੀਆਂ ਨੇ ਤੇ ਕਦੇ ਮਿਲਦੀਆਂ ਹੀ ਨਹੀਂ ਜੇ ਦਰਦਾਂ ਨਾ ਹੋਣ ਤੇ ਕੀ ਹੋਵੇ?

ਹੁਣ ਮੈਂ ਬਹਾਦਰ ਨੂੰ ਮੈਨੀਕਿਓਰ ਤੇ ਪੈਡੀਕਿਓਰ ਵੀ ਸਿਖਾ ਦਿੱਤਾ ਹੈ। ਬਿਊਟੀ ਪਾਰਲਰਾਂ ਵਾਲੀਆਂ ਤਾਂ ਅੱਸੀ ਰੁਪਏ ਲੈਂਦੀਆ ਨੇ ਦੋਹਾਂ ਕੰਮਾਂ ਦੇ। ਹੁਣ ਮੈਂ ਕੋਸੇ ਪਾਣੀ ਦੀ ਚਿਰਮਚੀ ਵਿੱਚ ਸਾਬਣ ਤੇਲ ਤੇ ਗਲੀਸਰੀਨ ਪਾ ਕੇ ਪਹਿਲਾਂ ਅੱਧਾ ਘੰਟਾ ਪੈਰ ਭਿਓਈਂ ਰੱਖਦੀ ਹਾਂ। ਫੇਰ ਬਹਾਦੁਰ ਬੁਰਸ਼ ਨਾਲ ਮੇਰੇ ਨਹੁੰਆਂ ਦੀ ਮੈਲ ਕੱਢਦਾ ਹੈ। ਅੱਡੀਆਂ ਨੂੰ ਝਾਵੇਂ ਨਾਲ ਝੱਸਦਾ ਹੈ। ਨਰਮ ਪਏ ਨਹੁੰਆਂ ਨੂੰ ਨੇਲਕਟਰ ਨਾਲ ਕੱਟਦਾ ਤੇ ਰੇਤੀ ਨਾਲ ਤਰਾਸ਼ਦਾ ਹੈ ਤੇ ਫੇਰ ਤੌਲੀਏ ਨਾਲ ਚੰਗੀ ਤਰ੍ਹਾਂ ਪੈਰ ਸੁਕਾ ਕੇ ਪੈਡੀਕਿਓਰ ਕਰੀਮ ਨਾਲ ਹੌਲੀ ਮਾਲਿਸ਼ ਕਰਦਾ ਹੈ। ਮੈਂ ਤਾਂ ਅਲਸਾਂਦੀ -ਅਲਸਾਂਦੀ ਘੂਕ ਸੌਂ ਜਾਂਦੀ ਹਾਂ।

ਚਲੋ, ਬਹਾਦੁਰ ਵੀ ਮੇਰੇ ਪੱਜ ਨਾਲ ਆਪਣੀ ਮਾਂ ਨਾਲ ਪਿਆਰ ਕਰ ਲੈਂਦਾ ਹੈ। ਕੇਹੀ ਸੁਲੱਖਣੀ ਘੜੀ ਸੀ ਜਦੋਂ ਬਹਾਦੁਰ ਨੇ ਸਾਡੇ ਘਰ ਪੈਰ ਪਾਇਆ। ਮੈਂ ਤਾਂ ਦਸ ਸਾਲ ਨਿੱਕੀ ਲੱਗਣ ਲੱਗ ਪਈ ਹਾਂ।

ਹੋਰ ਕਿਹੜੀ ਗੱਲ ਕਰਾਂ ਤੇ ਕਿਹੜੀ ਛੱਡਾਂ? ਮੈਨੂੰ ਤਾਂ ਬੱਸ ਬਹਾਦੁਰ ਦੀਆਂ ਗੱਲਾਂ ਕਰਨ ਨੂੰ ਹੀ ਜੀ ਕਰਦੈ।

ਪਹਿਲਾਂ ਮਹਿਮਾਨ ਆਉਂਦੇ ਸਨ ਤਾਂ ਬੱਚਿਆਂ ਦਾ ਜ਼ਿਕਰ ਹੁੰਦਾ ਸੀ। ਫੇਰ ਉਹ ਬੱਚੇ ਵੱਡੇ ਹੋ ਗਏ, ਵਿਆਹੇ ਵਰ੍ਹੇ ਗਏ ਤਾਂ ਉਨ੍ਹਾਂ ਦੇ ਬੱਚਿਆਂ ਦਾ ਹੋਣ ਲੱਗ ਪਿਆ। ਆਏ ਗਏ ਸੱਜਣ ਮਿੱਤਰ ਰਸਮੀ ਤੌਰ 'ਤੇ ਪੁੱਛ ਲੈਂਦੇ ਸਨ 'ਟੀਟੂ ਦੇ ਇਮਤਿਹਾਨ ਹੋ ਗਏ?' ਤੇ ਜਾਂ ਫਿਰ ਸਿਲਕੀ ਦੀ ਗੱਲ ਕਰੀਦੀ ਸੀ।

ਜਦੋਂ ਸਿਲਕੀ ਬਾਰੇ ਗੱਲਾਂ ਕਰਦੇ ਸਾਂ ਤਾਂ ਉਹ ਸਾਡੇ ਪੈਰਾਂ ਵਿੱਚ ਸਿਰ ਰੱਖ ਕੇ, ਅੱਖਾਂ ਮੂੰਦ ਕੇ ਇੰਜ ਸੁਣਦੀ ਸੀ ਜਿਵੇਂ ਸਭ ਸਮਝ ਰਹੀ ਹੋਵੇ। ਹੁਣ ਤਾਂ ਅਸੀਂ ਬਹਾਦੁਰ ਦੀਆਂ ਗੱਲਾਂ ਕਰਦੇ ਹਾਂ ਤੇ ਜਦੋਂ ਅਸੀਂ ਮਹਿਮਾਨਾਂ ਅੱਗੇ ਉਸ ਦੀਆਂ ਸਿਫ਼ਤਾਂ ਕਰਦੇ ਹਾਂ ਤਾਂ ਉਹ ਬੜਾ ਖੁਸ਼ ਹੁੰਦਾ ਹੈ। ਕੰਨ ਲਾ ਕੇ ਸੁਣਦਾ ਹੈ ਤੇ ਮੁਸ-ਮੁਸ ਕਰਦਾ ਹੈ।

ਲਾਡਲਾ ਜੁ ਹੋਇਆ ਸਾਰਿਆਂ ਦਾ ਲਾਡਲਾ, ਬਹਾਦੁਰ।

**ਹੋਰ ਭਾਸ਼ਾ ਸਿਖਣਾ ਤਾਂ, ਕੰਮ ਕੋਈ ਮਾੜ੍ਹਾ ਨਹੀਂ**
**ਮਾਂ-ਭਾਸ਼ਾ ਭੁੱਲਣੀ, ਕੀ ਮਾਂ ਨੂੰ ਪੈਂਦਾ ਸਾੜਾ ਨਹੀਂ?**
**ਰੂਹਾਂ ਉੱਤੇ ਨੂਰ ਤੂੰ, ਚੜ੍ਹਾ ਨੀ ਪੰਜਾਬੀਏ**
**ਹਰ ਮੁੱਖ ਉੱਤੇ, ਤੂੰ ਛਾ ਨੀ ਪੰਜਾਬੀਏ**
**ਹਰ ਘਰ ਚਾਨਣ ਵਧਾ ਨੀ ਪੰਜਾਬੀਏ**
**ਸੁੱਚੀ ਰੂਹ ਵਾਲਾ, ਮਾਂ-ਬੋਲੀ ਨਾਲ ਖੜ੍ਹਦਾ**
**ਝੱਖੜ ਝੱਲ ਹਨੇਰੀਆਂ ਤੋਂ ਕਦੇ ਨਹੀਓਂ ਡਰਦਾ**
**ਚੁੰਮ ਚੁੰਮ ਲੇਖਕਾਂ ਨੂੰ, ਸੀਨੇ ਲਾ ਨੀ ਪੰਜਾਬੀਏ**
**ਹਰ ਮੁੱਖ ਉੱਤੇ, ਤੂੰ ਛਾ ਨੀ ਪੰਜਾਬੀਏ**

**ਪੌਲ ਸੰਸਾਰਪੁਰੀ**

# ਅਲੋਪ ਹੋ ਰਹੇ ਰੁਖ-ਬੂਟੇ - ਬੇਰੀ (ਦੇਸੀ)

ਹਰਕੇਸ਼ ਸਿੰਘ ਕਹਿਲ



ਜਿਸ ਰੁੱਖ ਨੂੰ ਬੇਰ ਦਾ ਫਲ ਲੱਗਦਾ ਹੈ, ਉਸ ਰੁੱਖ ਨੂੰ ਬੇਰੀ ਕਹਿੰਦੇ ਹਨ। ਬੇਰੀ ਬੀਜ ਤੋਂ ਉੱਗਦੀ ਹੈ। ਕਲਮ ਕਰ ਕੇ ਵੀ ਉਗਾਈ ਜਾਂਦੀ ਹੈ। ਇਹ ਕੰਡਿਆਂ ਵਾਲਾ ਦਰਮਿਆਨੇ ਕੱਦ ਦਾ ਰੁੱਖ ਹੈ। ਉਪਰੋਂ ਬਹੁਤ ਫੈਲਿਆ ਹੁੰਦਾ ਹੈ। ਟਾਹਣੀਆਂ ਹੇਠਾਂ ਨੂੰ ਝੁਕੀਆਂ ਹੁੰਦੀਆਂ ਹਨ। ਇਹ ਹਰ ਕਿਸਮ ਦੀ ਜ਼ਮੀਨ ਵਿਚ ਹੋ ਜਾਂਦੀ ਹੈ।

ਬੇਰੀ ਦੇ ਫਲ ਦੀ ਮੁੱਢਲੀ ਅਵਸਥਾ ਨੂੰ ਖਿਚੜੀ ਕਹਿੰਦੇ ਹਨ। ਖਿਚੜੀ ਤੋਂ ਕੱਚੇ ਬੇਰ ਬਣਦੇ ਹਨ। ਕੱਚੇ ਬੇਰਾਂ ਨੂੰ ਬਕੜੇ ਬੇਰ ਕਹਿੰਦੇ ਹਨ। ਕਾਬੜੇ ਬੇਰ ਹੀ ਪੱਕ ਕੇ ਬੇਰ ਬਣਦੇ ਹਨ। ਪੱਕ ਕੇ ਬੇਰਾਂ ਦਾ ਰੰਗ ਲਾਲ, ਸੰਗਤਰੀ ਤੇ ਪੀਲਾ ਹੋ ਜਾਂਦਾ ਹੈ। ਫਰਵਰੀ ਤੋਂ ਅਪ੍ਰੈਲ ਤੱਕ ਬੇਰ ਪੱਕ ਜਾਂਦੇ ਹਨ। ਪੱਕੇ ਬੇਰਾਂ ਨੂੰ ਲੀਲੂ ਬੇਰ ਕਹਿੰਦੇ ਹਨ। ਜਿਹੜੇ ਬੇਰ ਮਿੱਠੇ ਨਹੀਂ ਹੁੰਦੇ, ਖੱਟੇ ਹੁੰਦੇ, ਉਨ੍ਹਾਂ ਬੇਰਾਂ ਨੂੰ ਗਲ ਘੋਟੂ ਬੇਰ ਕਹਿੰਦੇ ਹਨ। ਇਨ੍ਹਾਂ ਬੇਰਾਂ ਦੇ ਖਾਣ ਨਾਲ ਗਲਾ ਫੜਿਆ ਜਾਂਦਾ ਹੈ। ਬੇਰ ਦੀ ਇਕ ਕਿਸਮ ਕਾਠਾ ਬੇਰ ਵੀ ਹੈ ਜੋ ਛੋਟਾ ਤੇ ਗੋਲ ਹੁੰਦਾ ਹੈ।

ਪਹਿਲਾਂ ਦੇਸੀ ਬੇਰੀਆਂ ਹੀ ਹੁੰਦੀਆਂ ਸਨ। ਪੱਕੇ ਬੇਰ ਤਾਂ ਆਪਣੇ ਆਪ ਹੀ ਲੁੜ੍ਹ ਜਾਂਦੇ ਸਨ। ਇਨ੍ਹਾਂ ਨੂੰ ਕਿਰੇ ਹੋਏ ਬੇਰ ਕਹਿੰਦੇ ਹਨ। ਜਿਹੜੇ ਪੱਕਣ ਦੇ ਨੇੜੇ ਹੁੰਦੇ ਸਨ, ਉਨ੍ਹਾਂ ਨੂੰ ਸੋਟੀ ਜਾਂ ਢਾਂਗੇ ਨਾਲ ਝਾੜ ਲਿਆ ਜਾਂਦਾ ਸੀ। ਬੇਰੀਆਂ ਉਪਰ ਚੜ੍ਹ ਕੇ ਟਾਹਣਿਆਂ ਨੂੰ ਹੱਥਾਂ ਨਾਲ ਹਲੂਣੇ ਦੇ ਕੇ ਵੀ ਬੇਰ ਝਾੜੇ ਜਾਂਦੇ ਸਨ। ਬੇਰਾਂ ਨੂੰ ਸੁੱਕ ਕੇ ਵੀ ਖਾਧਾ ਜਾਂਦੀ ਸੀ। ਬੇਰਾਂ ਵਿਚ ਵਿਟਾਮਿਨ ਸੀ ਬਹੁਤ ਹੁੰਦਾ ਹੈ। ਬੇਰ ਦਵਾਈਆਂ ਵਿਚ ਵੀ ਵਰਤੇ ਜਾਂਦੇ ਹਨ। ਪਹਿਲੇ ਸਮਿਆਂ ਵਿਚ ਬੇਰ ਹੀ ਪੇਂਡੂ ਏਰੀਏ ਦਾ ਇੱਕ ਇੱਕ ਫਲ ਹੁੰਦਾ ਸੀ।

ਅੱਜ ਤੋਂ ਕੋਈ ਅੱਸੀ ਨੱਬੇ ਕੁ ਸਾਲ ਪਹਿਲਾਂ ਦੇਸੀ ਬੇਰੀ ਇਕ ਪ੍ਰਸਿੱਧ ਰੁੱਖ ਹੁੰਦਾ ਸੀ। ਆਮ ਰੁੱਖ ਹੁੰਦਾ ਸੀ। ਜੰਗਲੀ ਰੁੱਖ ਹੁੰਦਾ ਸੀ। ਆਪਣੇ ਆਪ ਹੋ ਜਾਂਦਾ ਸੀ। ਉਸ ਸਮੇਂ ਬਹੁਤ ਸਾਰੀਆਂ ਜ਼ਮੀਨਾਂ ਗੈਰ ਆਬਾਦ ਸਨ। ਜਿੱਥੇ ਦੇਸੀ ਬੇਰੀਆਂ ਦੇ ਝੁੰਡ ਹੁੰਦੇ ਸਨ। ਨਹਿਰਾਂ ਦੀਆਂ ਪਟੜੀਆਂ ਦੁਆਲੇ ਤੇ ਸੜਕਾਂ ਦੁਆਲੇ ਵੀ ਦੇਸੀ ਬੇਰੀ ਆਮ ਹੁੰਦੀ ਸੀ। ਵਾਹੀਯੋਗ ਖੇਤਾਂ ਵਿਚ ਵੀ ਬੇਰੀਆਂ ਹੁੰਦੀਆਂ ਸਨ। ਲੋਕ ਬੇਰ ਖਾਂਦੇ ਵੀ ਬਹੁਤ ਸੀ। ਬੱਚੇ ਤਾਂ ਝੱਗਿਆਂ ਦਿਆਂ ਪੱਲਿਆਂ ਵਿਚ ਬੇਰ ਭਰ ਭਰ ਲਿਆਉਂਦੇ ਸਨ। ਸਿਆਣੇ ਲੀਲੂ ਬੇਰਾਂ ਨਾਲ ਖੀਸੇ ਭਰ ਲਿਆਉਂਦੇ ਸਨ। ਹੁਣ ਦੀ ਪੀੜ੍ਹੀ ਝੱਗਾ ਕਿਸ ਨੂੰ ਕਹਿੰਦੇ ਹਨ? ਖੀਸਾ ਕਿਸ ਨੂੰ ਕਹਿੰਦੇ ਹਨ? ਇਹ ਵੀ ਸ਼ਾਇਦ ਹੀ ਜਾਣਦੀ ਹੋਵੇ? ਝੱਗਾ, ਕਮੀਜ਼/ਕੁੜਤੇ ਨੂੰ ਕਹਿੰਦੇ ਹਨ। ਖੀਸਾ ਕਮੀਜ਼ ਦੇ ਲੱਕ ਦੁਆਲੇ ਆਏ ਕਮੀਜ਼ ਦੇ ਹਿੱਸੇ ਤੇ ਲੱਗੀ ਜੇਬ ਨੂੰ ਕਹਿੰਦੇ ਹਨ।

ਬੇਰੀ ਦੇ ਪੱਤੇ ਬੱਕਰੀਆਂ ਦੀ ਮਨ-ਭਾਉਂਦੀ ਖੁਰਾਕ ਹੈ। ਬੇਰੀਆਂ ਦੀਆਂ ਝਿੰਗਾਂ ਨਾਲ ਖੇਤਾਂ ਦੀ ਵਾੜ੍ਹ ਕੀਤੀ ਜਾਂਦੀ ਸੀ। ਕਣਕ ਤੇ ਜੌਆਂ ਦੀ ਫਸਲ ਨੂੰ ਗਾਹੁਣ ਲਈ ਬੇਰੀ ਦੀਆਂ ਝਿੰਗਾਂ ਦੇ ਫਲ੍ਹੇ ਬਣਾਏ ਜਾਂਦੇ ਸਨ। ਪਹਿਲਾਂ ਫਲ੍ਹਿਆਂ ਨਾਲ ਫਸਲਾਂ ਗਾਹ ਕੇ ਹੀ ਦਾਣੇ ਕੱਢੇ ਜ0ਂਦੇ ਸਨ। ਬੇਰੀ ਦੇ ਰੁੱਖ ਉਪਰ ਰਾਤ ਸਮੇਂ ਤਿੱਤਰ ਪੰਛੀ ਸਭ ਤੋਂ ਜ਼ਿਆਦਾ ਬੈਠਦਾ ਹੁੰਦਾ ਸੀ। ਹੁਣ ਨਾ ਦੇਸੀ ਬੇਰੀਆਂ ਰਹੀਆਂ ਹਨ ਅਤੇ ਦੇਸੀ ਤਿੱਤਰ ਵੀ ਹੁਣ ਖਤਮ ਹੋਣ ਦੇ ਨੇੜੇ ਹੀ ਸਨ। ਬੇਰੀ ਦੀ ਲੱਕੜ ਬਹੁਤ ਵਧੀਆ ਮੰਨੀ ਜਾਂਦੀ ਹੈ। ਬੇਰੀ ਦੀ ਲੱਕੜ ਨਾਲ ਮੁਰਦੇ ਦਾ ਸੰਸਕਾਰ ਕਰਨਾ ਸ਼ੁੱਭ ਮੰਨਿਆ ਜਾਂਦਾ ਹੈ।

ਗੁਰੂ ਸਾਹਿਬਾਂ ਦੇ ਹਰਮੰਦਰ ਸਾਹਿਬ ਨਾਲ ਬੇਰ/ਬੇਰੀਆਂ ਦਾ ਸਾਡਾ ਧਾਰਮਿਕ ਵਿਰਸਾ ਹੈ। ਗੁਰੂ ਸਾਹਿਬਾਂ ਦੇ ਜਿਹੜੀਆਂ ਬੇਰੀਆਂ ਹੇਠਾਂ ਨਿਵਾਸ ਕੀਤਾ ਹੈ ਜਾਂ ਘੋੜੇ ਬੰਨ੍ਹੇ ਹਨ, ਉਨ੍ਹਾਂ ਨੂੰ ਸਿੱਖ ਸ਼ਰਧਾ ਨਾਲ ਬੇਰੀ ਸਾਹਿਬ/ਬੇਰ ਸਾਹਿਬ ਕਹਿੰਦੇ ਹਨ। ਬੇਰੀ ਸਾਹਿਬ/ਬੇਰ ਸਾਹਿਬ ਗੁਰਦਵਾਰਾ ਸੁਲਤਾਨਪੁਰ ਲੋਧੀ ਵਿਚ ਹੈ। ਇਹ ਗੁਰਦਵਾਰਾ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਹੈ। ਏਥੇ ਗੁਰੂ ਨਾਨਕ ਦੇਵ ਜੀ ਦੇ ਬੇਈਂ ਨਦੀ ਵਿਚ ਇਸ਼ਨਾਨ ਕਰਨ ਸਮੇਂ ਕੱਪੜੇ ਉਤਾਰ ਕੇ ਰੱਖੇ ਸਨ। ਜਗਰਾਓ ਤਹਿਸੀਲ ਦੇ ਪਿੰਡ ਸੀਲੋਆਣਾ ਵਿਚ ਵੀ ਬੇਰ ਸਾਹਿਬ ਗੁਰਦੁਆਰਾ ਹੈ। ਏਥੋਂ ਗੁਰੂ ਗੋਬਿੰਦ ਸਿੰਘ ਜੀ ਬੇਰੀ ਹੇਠ ਠਹਿਰੇ ਸਨ।

ਹੁਣ ਸਾਰੀਆਂ ਜ਼ਮੀਨਾਂ ਆਬਾਦ ਹਨ। ਰੁੱਖ ਫਸਲਾਂ ਦਾ ਨੁਕਸਾਨ ਕਰਦੇ ਹਨ, ਇਸ ਲਈ ਤੁਹਾਨੂੰ ਕਿਸੇ ਵੀ ਖੇਤ ਵਿਚ ਬੇਰੀ ਨਹੀਂ ਮਿਲੇਗੀ। ਨਹਿਰਾਂ ਦੀਆਂ ਪਟੜੀਆਂ ਦੁਆਲੇ ਤੇ ਕਿਤੇ ਕਿਤੇ ਕਿਸੇ ਸੜਕ ਦੁਆਲੇ ਤੁਹਾਨੂੰ ਦੇਸੀ ਬੇਰੀ ਦੇ ਪੁਰਾਣੇ ਰੁੱਖ ਜ਼ਰੂਰ ਮਿਲ ਜਾਣਗੇ। ਸਰਕਾਰੀ ਜੰਗਲਾਂ ਵਿਚ ਵੀ ਮਿਲ ਜਾਣਗੇ। ਹੁਣ ਦੇਸੀ ਬੇਰੀ ਕੋਈ ਨਹੀਂ ਲਾਉਂਦਾ। ਹਾਂ, ਪਿਉਂਦੀ ਬੇਰੀਆਂ ਦੇ ਬਾਗ ਲੋਕਾਂ ਨੇ ਵਪਾਰਕ ਤੌਰ ਤੇ ਜ਼ਰੂਰ ਲਾਏ ਹੋਏ ਹਨ।

ਬੇਰੀ, ਬੇਰਾਂ ਦਾ ਸਾਡੇ ਲੋਕ ਸਾਹਿਤ, ਲੋਕ ਗੀਤ ਤੇ ਅਖਾਣਾਂ ਵਿਚ ਬਹੁਤ ਵਰਨਣ ਮਿਲਦਾ ਹੈ। ਪਹਿਲੇ ਸਮਿਆਂ ਦੇ ਵਿਆਹਾਂ ਵਿਚ ਲਾੜੇ ਤੋਂ ਛੰਦ ਸੁਣਨ ਦੀ ਇਕ ਰਸਮ ਹੁੰਦੀ ਸੀ। ਇਨ੍ਹਾਂ ਛੰਦਾਂ ਵਿਚ ਲਾੜਾ ਆਪਣੇ ਸੱਸ, ਸਹੁਰੇ ਤੇ ਸਾਲੇ ਦੀ ਤਾਰੀਫ ਕਰਦਾ ਹੁੰਦਾ ਸੀ। ਸਾਲੀਆਂ ਨੂੰ ਟਿਚਰਾਂ ਕਰਦਾ ਸੀ। ਖਰੀਆਂ ਖਰੀਆਂ ਵੀ ਸੁਣਾ ਜਾਂਦਾ ਸੀ। ਘਰ ਵਾਲੀ ਦੀ ਵੀ

ਤਾਰੀਫ ਕਰ ਜਾਂਦਾ ਸੀ–

**ਛੰਦ ਪਰਾਗੇ ਆਈਏ ਜਾਈਏ**
**ਛੰਦ ਪਰਾਗੇ ਬੇਰੀ**
**ਦੇਖ ਦੇਖ ਕੇ ਅੱਖਾਂ ਥੱਕੀਆਂ**
**ਝੁਮਕਿਆਂ ਵਾਲੀ ਮੇਰੀ।**

ਪਹਿਲਾਂ ਸਫਰ ਪੈਦਲ ਕੀਤਾ ਜਾਂਦਾ ਸੀ। ਰਾਹ ਕੱਚੇ ਹੁੰਦੇ ਸਨ। ਕੁੜੀਆਂ ਨੂੰ ਪੜ੍ਹਾਇਆ ਨਹੀਂ ਜਾਂਦਾ ਸੀ। ਘਰ ਦੇ ਕੰਮ ਧੰਦਿਆਂ ਵਿਚ ਮਾਹਰ ਕੀਤਾ ਜਾਂਦਾ ਸੀ। ਕੁੜੀਆਂ ਦਾ ਕਾਰਜ ਖੇਤਰ ਘਰ ਅਤੇ ਘਰ ਦੇ ਖੇਤਾਂ ਤੱਕ ਹੀ ਸੀਮਤ ਰਹਿੰਦਾ ਸੀ। ਇਸ ਲਈ ਜਿਹੜੀ ਲੜਕੀ ਦੂਰ ਵਿਆਹੀ ਜਾਂਦੀ ਹੈ, ਉਸ ਦੇ ਪੇਕੇ ਤੇ ਸਹੁਰੀਂ ਆਉਣਾ ਜਾਣਾ ਕਾਫੀ ਔਖਾ ਹੁੰਦਾ ਸੀ। ਉਹ ਧੀ ਆਪਣੇ ਦਾਦੇ, ਬਾਬਲ ਨੂੰ ਦੂਰ ਵਿਆਹੇ ਜਾਣ ਤੇ ਰੋਸਾ ਪ੍ਰਗਟਾਉਂਦੀ ਹੁੰਦੀ ਸੀ–

**ਇਕ ਜੁ ਬੇਰੀ ਦਾ ਪੱਤ ਆ**
**ਵੇ ਉਹ ਵੀ ਲੈਂਦਾ ਹੁਲਾਰੇ**
**ਬਾਬਾ ਧਰਮੀਆ**
**ਵੇ ਉਹ ਵੀ ਲੈਂਦਾ ਹੁਲਾਰੇ**
**ਸੁਣ ਵੇ ਬਾਬਾ ਮੇਰਿਆ**
**ਪੋਤੀ ਕਿਉਂ ਦਿੱਤੜੀ ਦੂਰੇ**
**ਬਾਬਾ ਧਰਮੀਆ**
**ਪੋਤੀ ਕਿਉਂ ਦਿੱਤੜੀ ਦੂਰੇ**
**ਦੂਰਾਂ ਦੀਆਂ ਵਾਟਾਂ ਭਾਰੀਆਂ**
**ਵੇ ਸਾਥੋਂ ਤੁਰਿਆ ਨਾ ਜਾਵੇ**
**ਬਾਬਾ ਧਰਮੀਆ**
**ਵੇ ਸਾਥੋਂ ਤੁਰਿਆ ਨਾ ਜਾਵੇ।**

ਏਸੇ ਤਰ੍ਹਾਂ ਹੀ ਉਹ ਆਪਣੇ ਬਾਬਲ ਨੂੰ ਦੂਰ ਵਿਆਹੀ ਜਾਣ ਤੇ ਉਲਾਭਾ ਦਿੰਦੀ ਹੈ–

ਸਾਡੇ ਪਰਿਵਾਹਰਕ ਜੀਵਨ ਵਿਚ ਨੂੰਹ ਤੇ ਸੱਸ ਦਾ ਰਿਸ਼ਤਾ ਬਹੁਤਾ ਪਿਆਰ ਵਾਲਾ ਰਿਸ਼ਤਾ ਨਹੀਂ ਹੈ। ਸੱਸ ਜਦ ਨੂੰਹ ਨੂੰ ਜ਼ਿਆਦਾ ਹੀ ਤੰਗ ਕਰਦੀ ਹੈ ਤਾਂ ਪਤਨੀ ਆਪਣਾ ਦੁੱਖ ਆਪਣੇ ਪਤੀ ਕੋਲ ਦੱਸਦੀ ਹੈ। ਪਰ ਪਤੀ ਵੀ ਉਸ ਦੀ ਬਹੁਤੀ ਸੁਣਵਾਈ ਨਹੀਂ ਕਰਦਾ–

**ਖੱਟਣ ਗਿਆ ਸੀ**
**ਕੀ ਖੱਟ ਲਿਆਇਆ**
**ਖੱਟ ਕੇ ਲਿਆਇਆ ਬੇਰੀ**
**ਸੱਸ ਦੇਵੇ ਨਿੱਤ ਤੜੀਆਂ**
**ਤੂੰ ਸੁਣਦਾ ਨਾ ਮੇਰੀ।**

ਸਾਡਾ ਸਮਾਜਿਕ ਵਰਤਾਰਾ ਕੁਝ ਅਜੇਹਾ ਹੈ ਕਿ ਜਦੋਂ ਤੱਕ ਵਿਆਹੀ ਲੜਕੀ ਦੇ ਕੋਈ ਬੱਚਾ ਨਾ ਹੋਵੇ ਤਾਂ ਉਸ ਨੂੰ ਸਮਾਜ ਵਿਚ, ਭਾਈਚਾਰੇ ਵਿਚ, ਪਰਿਵਾਰ ਵਿਚ ਸਤਿਕਾਰ ਨਹੀਂ ਮਿਲਦਾ। ਜਦ ਕਿਸੇ ਵਿਆਹੀ ਮੁਟਿਆਰੇ ਨੂੰ ਕਾਫੀ ਸਾਲ ਹੋ ਜਾਣ, ਪਰ ਕੋਈ ਬੱਚਾ ਨਾ ਹੋਵੇ ਤਾਂ ਉਸ ਮੁਟਿਆਰ ਨੂੰ ਮਿੱਠੀਆਂ ਟਕੋਰਾਂ ਲਾਈਆਂ ਜਾਂਦੀਆਂ ਹਨ–

**ਬੇਰੀਆਂ ਨੂੰ ਬੇਰ ਲੱਗ ਗੇ**
**ਤੈਨੂੰ ਕੁਝ ਨਾ ਲੱਗਾ ਮੁਟਿਆਰੇ।**

ਬੇਰੀਆਂ ਦੇ ਪੱਤੇ ਬੱਕਰੀਆਂ ਬਹੁਤ ਖੁਸ਼ ਹੋ ਕੇ ਖਾਂਦੀਆਂ ਹਨ। ਇਸ ਲਈ ਜਿਹੜੀ ਪਤਨੀ ਬੱਕਰੀ ਲੈਣ ਦੀ ਇੱਛਾ ਕਰਦੀ ਸੀ, ਉਹ ਆਪਣੇ ਪਤੀ ਨੂੰ ਪਹਿਲਾਂ ਬੇਰੀਆਂ ਲਾਉਣ ਲਈ ਪ੍ਰੇਰਦੀ ਹੁੰਦੀ ਸੀ–

**ਚਿੱਤ ਬੱਕਰੀ ਲੈਣ ਨੂੰ ਕਰਦਾ**
**ਬੰਨੇ ਬੰਨੇ ਲਾ ਦੇ ਬੇਰਿਆਂ।**

ਜਿਹੜੇ ਬੇਰ ਲਾਈਜ਼ ਵਿਚ ਵੱਡੇ ਹੁੰਦੇ ਹਨ, ਮੋਟੇ ਹੁੰਦੇ ਹਨ, ਉਨ੍ਹਾਂ ਬੇਰਾਂ ਨੂੰ ਗੜੌਂਦੇ ਬੇਰ ਕਹਿੰਦੇ ਹਨ। ਛੜੇ ਆਮ ਤੌਰ ਤੇ ਵਿਹਲੇ ਰਹਿੰਦੇ ਸਨ। ਇਸ ਲਈ ਛੜਿਆਂ ਨੂੰ ਪਤਾ ਹੁੰਦਾ ਹੈ ਕਿ ਕਿਹੜੀ ਬੇਰ ਦੇ ਬੇਰ ਅਜੇ ਕੱਚੇ ਹਨ। ਕਿਹੜੀ ਦੇ ਪੱਕ ਗਏ ਹਨ। ਕਿਹੜੀ ਬੇਰੀ ਦੇ ਬੇਰ ਮੋਟੇ ਹਨ–

**ਕਿਹੜੀ ਬੇਰੀ ਨੂੰ ਕੱਚੇ ਬੇਰ ਲੱਗਦੇ**
**ਕਿਹੜੀ ਨੂੰ ਲੱਗਦੇ ਗੜੌਂਦੇ**
**ਪੁੱਛੋਂ ਛੜਿਆਂ ਨੂੰ**
**ਸਾਰੀ ਰਾਤ ਨੀ ਸੌਂਦੇ।**

ਜਦੋਂ ਹੋਣ ਵਾਲੇ ਨੁਕਸਾਨ ਨੂੰ ਸੰਭਾਲਿਆ ਜਾ ਸਕਦਾ ਹੋਵੇ ਤਾਂ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ–

**ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ**
**ਚੱਕ ਝੋਲੀ ਵਿਚ ਪਾ ਲੈ।**

ਜਦੋਂ ਕਿਸੇ ਬੰਦੇ ਦਾ ਖਾਸ ਆਦਰ-ਮਾਣ ਕੀਤਾ ਜਾਵੇ। ਸਤਿਕਾਰ ਨਾ ਕੀਤਾ ਜਾਵਾਂ ਤੇ ਕਿਹਾ ਜਾਂਦਾ ਹੈ–

**ਬੇਰਾਂ ਵੱਟੋਂ ਨਾ ਸਿਆਣਨਾ।**

ਜਦੋਂ ਦਰਵਾਜ਼ੇ ਦੇ ਨੇੜੇ ਬੇਰੀ ਦੇ ਰੁੱਖ ਲਾਉਣ ਨੂੰ ਤੇ ਸਿਪਾਹੀ ਨਾਲ ਵਿਆਰਹ ਪਾਉਣ ਨੂੰ ਦੁਖਦਾਈ ਦੱਸਣਾ ਹੋਵੇ ਤਾਂ ਕਹਿੰਦੇ ਹਨ–

**ਦਰ ਤੇ ਬੇਰੀ ਨਾ ਲਾਈਂ**
**ਸਿਪਾਹੀ ਨੂੰ ਯਾਰ ਨਾ ਬਣਾਈਂ।**

ਜਦੋਂ ਇਹ ਦੱਸਣਾ ਹੋਵੇ ਕਿ ਜਿਸ ਨਾਲ ਬੇਰੀਆਂ ਨੂੰ ਬੇਰ ਬਹੁਤੇ ਲੱਗਣ, ਉਸ ਨਾਲ ਕਣਕ ਦੀ ਪੈਦਾਵਾਰ ਵੀ ਬਹੁਤ ਹੁੰਦੀ ਹੈ–

**ਬੇਰੀ ਬੇਰ ਤੇ ਕਣਕਾਂ ਢੇਰ**

ਬੇਰੀ ਤੇ ਬੇਰ ਬਾਰੇ ਬੁਝਾਰਤਾਂ ਹਨ–


**ਹਰੀ ਸੀ ਮਨ ਭਰੀ ਸੀ**
**ਬਾਲਾ ਜੀ ਦੇ ਬਾਗ ਵਿਚ**
**ਦੁਸ਼ਾਲਾ ਲਾਈ ਖੜ੍ਹੀ ਸੀ**
**ਜਦ ਮੈਂ ਪਹਿਨਿਆਂ ਸੂਹਾਂ ਬਾਣਾ**
**ਜਗ ਨੀ ਛੱਡਦਾ ਬੱਚੇ ਖਾਣਾ**

****

**ਪਹਿਲਾਂ ਸਾਂ ਮੈਂ ਆਲੀ ਭੋਲੀ**
**ਫੇਰ ਸਲਾਈ ਖੱਟੀ ਚੋਲੀ**
**ਜਾਂ ਮੈਂ ਕੀਤਾ ਸੂਹਾ ਵੇਸ**
**ਉਠ ਪਿਆ ਉਚੱਕਾ ਦੇਸ।**

# ਕਾਵਿ-ਕਿਆਰੀ

## ਪੀਰੀ ਮੀਰੀ-ਮੀਰੀ ਪੀਰੀ



ਕਥਨੀ ਕਰਨੀ ਦੇ ਪੂਰੇ, ਨਾਨਕ ਸ਼ਾਹ ਫ਼ਕੀਰ ਦੀ।
ਬੋਧੀ ਲਾਮੇਂ, ਹਿੰਦੂ ਗੁਰੂ, ਤੌਹੀਦੀ ਮੁਸਲਿਮ ਪੀਰ ਦੀ।
ਜੋਤਿ ਓਹਾ ਜੁਗਤਿ ਸਾਈ, ਕ੍ਰਮਵਾਰ ਜਾ ਰੂਹ ਸਮਾਈ,
ਦਸਮੇਂ ਜਾਮੇਂ ਵਿਚ ਆਏ, ਜ਼ਾਹਰਾ ਉੱਚ ਦੇ ਪੀਰ ਦੀ।

ਪੌੜੀ ਦਰ ਪੌੜੀ ਚੜ੍ਹ, ਥੋੜ੍ਹੀ ਥੋੜ੍ਹੀ ਵਿਰਸਈ ਜੋੜੀ।
ਅੰਸ ਬੰਸ ਸਰਬੰਸ ਦੇ, ਵਰਦਾਨੀ ਮਹਾਂਦਾਨੀ ਦੀ,
ਲਾਮਿਸਾਲ ਬਾਕਮਾਲ, ਕੀਤੀ ਹਰ ਕੁਰਬਾਨੀ ਦੀ।
ਬੇਗਰਜ਼ ਬੇਨਜ਼ੀਰ ਦੀ, ਦਿਲਦਾਦਾ ਦਿੱਲ ਪਜ਼ੀਰ ਦੀ,
ਕੁੱਲ ਆਲਮ ਦੇ ਹੱਕ-ਸੱਚ ਲਈ, ਦਰਦੀ ਆਲਮਗੀਰ ਦੀ।

ਕਿਸ ਕਿਸ ਗੁਣ ਸਦਗਣ ਦੀ, ਵਾਹ ਵਾਹ ਕਰੀਏ,
ਉਸ ਖ਼ੁਦਾਈ ਹਰਜਾਈ ਮੁਸੱਵਰੀ, ਮੁਰਸ਼ਦੀ ਮੁਸ਼ੀਰ ਦੀ।
ਉਨ੍ਹਾਂ ਦੇ ਕਰਮ, ਪ੍ਰਤਿਕਰਮ ਹਨ, ਸਭ ਚਮਤਕਾਰੀ,
ਜਿਨ੍ਹਾਂ ਤੋਂ, ਹਰ ਪੜ੍ਹਦਾ ਸੁਣਦਾ, ਸੁਤੇਸਿੱਧ ਜਾਂਦੈ ਬਲਿਹਾਰੀ।
ਕੀ ਭਾਰਤੀ ਜਾਂ ਕੋਈ ਵੀ, ਭਾਰਤ ਤੋਂ ਬਾਹਰੀ,
ਰੋਮ ਰੋਮ ਹੈ ਅੱਜ ਵੀ, ਉਨ੍ਹਾਂ ਦਾ ਆਭਾਰੀ।
350ਵਾਂ ਪ੍ਰਕਾਸ਼ ਪੁਰਬ, ਇਸ ਵਾਰ ਜੋ ਆਇਐ,
ਨਿਤਿਸ਼ ਕੁਮਾਰ ਮੁਖੀ ਬਿਹਾਰ ਨੇ, ਬਾਖ਼ੂਬ ਮਨਾਇਐ।

ਉਨ੍ਹਾਂ ਦੀ ਹਰ ਰਜ਼ਮੀਂ ਬਜ਼ਮੀਂ, ਈਮਾਨੀਅਤ ਜ਼ਿਹਾਨੀਅਤ,
ਬਿਨਾਂ ਭਿੰਨ-ਭੇਤ ਹਰ ਇਨਸਾਨ ਇਨਸਾਨੀਅਤ ਲਈ,
ਕੁਦਰਤਨ ਮਿਲੀ ਖੁਦਾਬਖ਼ਸ਼ੀ, ਜਮਾਂਦਰੂ, ਪਹਿਚਾਨੀਅਤ ਲਈ।
ਸੰਸਕਾਰੀ ਸੰਤੁਸ਼ਟੀ ਦੀ ਪੁਸ਼ਟੀ ਲਈ, ਕੀਤੀ ਜਾਂਦੀ ਅਰਚਾ-ਪੂਜਾ,
ਵੇਦ-ਕਤੇਬ ਨੀਲ ਸੁਪੇਦ, ਜਾਂ ਕੋਈ ਵੀ ਹੋਰ ਦੂਜਾ।
ਪਾਠ ਕਰਨ ਨਿਮਾਜ਼ ਪੜ੍ਹਨ ਲਈ, ਮਨ ਆਈ ਅਪਨਾਈ ਬੁਨਿਆਦੀ,
ਹਰ ਇਕ ਦੀ, ਜੀਵਨਸ਼ੈਲੀ ਦੀ ਪੂਰਨ ਆਜ਼ਾਦੀ।

ਸੱਦ ਸੱਦ ਵਾਰ ਸਦਾਬਹਾਰ, ਹਰ ਹਾਲ ਬਹਾਲ ਕਰਾਉਣ ਲਈ।
ਮਾਕੂਲਾਂ ਮਜ਼ਲੂਮਾਂ ਨੂੰ, ਬਣਦੇ ਅਧਿਕਾਰ ਦੁਆਉਣ ਲਈ।
ਮਾਤ-ਪਿਤਾ ਪੰਜ ਪਿਆਰੇ, ਚਾਰ ਅੱਖੀਆਂ ਦੇ ਤਾਰੇ,
ਪੀਰ ਬੁੱਧੂ ਸ਼ਾਹ ਜੀ ਵਰਗੇ, ਹੋਰ ਵੀ ਜਿੰਨੇ ਸਨ, ਸਭ ਵਾਰੇ।
ਇਸ ਸ਼ਿੱਦਤੀ ਸ਼ਾਹਦਤੀ ਬਗਾਵਤੀ ਸੰਘਰਸ਼ ਸਨਮੁਖ,
ਗੰਗੂ ਬਾਮਣ ਝੂਠਾ ਨੰਦ ਵਜੀਦੇ ਦੇ, ਸਭ ਮਨਸੂਬੇ ਹਾਰੇ।

ਮਜ਼੍ਹਬੀ ਮੁਸੱਬੀ ਤੁਫੱਰਕਾਤ, ਜਾਤ ਸਨਾਤ ਮਿਟਾਉਣ ਲਈ।
ਥਰਡ-ਰੇਟ ਬਣਾਏ ਗਏ, ਸ਼ਹਿਰੀਆਂ ਨੂੰ ਗਲ ਲਾਉਣ ਲਈ।
ਭਾਰਤ ਨੂੰ ਬਹੁਧਰਮੀ, ਸ਼ੁੱਭ ਕਰਮੀ ਦੇਸ਼ ਕਹਾਉਣ ਲਈ।
ਅਨੇਕਤਾ ਨੂੰ ਏਕਤਾ ਦਾ, ਮਜ਼ਬੂਤ ਆਧਾਰ ਬਨਾਉਣ ਲਈ।
ਅਲਪਗਤਾ ਸਰਬੱਗਤਾ ਦਾ, ਸਰਵਉੱਚ ਪਰਚੰਮ ਲਹਿਰਾਉਣ ਲਈ।
ਇਉਂ ਵਿਵ੍ਰਜਿਤ ਵਿੱਥਾਂ ਦੀ, ਵੱਧਦੀ ਵਿੱਥ ਘਟਾਉਣ ਲਈ।

ਮਰਦ ਅਗੰਮੜੇ ਸਾਹਿਬ-ਏ-ਇਕਬਾਲ, ਬਾਲ ਗੁਪਾਲ ਨੌਨਿਹਾਲ ਦੀ,
ਮਾਂ ਗੁਜਰੀ ਦੇ 'ਗੁਰ ਚੇਲਾ' ਬਣੇ ਵਾਹੋ ਵਾਹ ਲਾਲ ਦੀ।
ਸਰਵੋਤਮ ਪਿਆਰੀ ਜੱਗੋਂ ਨਿਆਰੀ, ਦਿੱਤੀ ਹਰ ਕੁਰਬਾਨੀ ਦੀ,
ਚੇਤੀਂ ਵਸਾਅ ਚਿੰਤਨ ਕਰੀਏ, ਕੀਤੀ ਹਰ ਮਿਹਰਬਾਨੀ ਦੀ।
ਜੋ ਪੁਰਸ਼ਾਰਥ ਨਿਰਸੁਆਰਥ ਕਰਨ ਲਈ, ਦੁੱਖ ਹਰਨ ਲਈ,
ਹੌਸਲਾ ਅਫ਼ਜ਼ਾਈ ਕਰਾਉਂਦੀ, ਖ਼ੂਨ ਖੌਲਦੀ ਦਿਲ ਵਧਾਉਂਦੀ ਹੈ।

ਸਰਸਾ ਨਦੀ ਵਿਚ ਹੜ੍ਹਦਿਆਂ, ਕੁਝ ਡੁੱਬਦਿਆਂ ਕੁਝ ਤਰਦਿਆਂ।
ਚਮਕੌਰ ਗੜ੍ਹੀ ਵਿਚ ਤਰਤਾਲੀ ਦਾ, ਦੱਸ ਲੱਖ ਨਾਲ ਲੜਦਿਆਂ।
ਮਾਛੀਵਾੜੇ ਸੱਥਰ ਤੇ ਬਹਿ, ਪਿਆਰੇ ਯਾਰੜੇ ਨੂੰ ਯਾਦ ਕਰਦਿਆਂ।
ਵਜੀਦੇ ਦਾ 'ਗੁਰੂ-ਬਖ਼ਸ਼ੇ' ਹੱਥੋਂ, ਸੁਣ ਸਿਸਕ ਸਿਸਕ ਮਰਦਿਆਂ।
ਗੁਰੂ ਕੀ ਢਾਬ ਬੇਦਾਵੀਆਂ ਨੂੰ, ਤਹਿ ਦਿਲੋਂ ਮੁਆਫ਼ ਕਰਦਿਆਂ।
ਮਾਈ ਭਾਗੋ ਦੀ ਅਗਵਾਈ ਵਿਚ, ਸਭ ਭਰਮ ਦੂਰ ਕਰਦਿਆਂ।
ਟੁੱਟੀ ਗੰਢਣ ਦੇ ਵਿਸ਼ਵਾਸ ਦਾ, ਹੱਥ ਮੱਥੇ ਤੇ ਧਰਦਿਆਂ।
ਪੰਜ ਪੰਜ, ਦੱਸ ਦੱਸ ਹਜ਼ਾਰੀ ਮਨਸਬਦਾਰੀ ਅਤਾਅ ਕਰਦਿਆਂ।

ਦੂਰ ਦੱਖਣ ਨੰਦੇੜ ਨੂੰ, ਚਰਨ ਪਾ ਸੁਹਾਵਾ ਕਰ ਦਿੱਤਾ,
'ਪੋਥੀ ਪਰਮੇਸ਼ਰ ਥਾਨ' ਸਿਰ, ਸਦਜੀਵੀ ਤਾਜ ਧਰ ਦਿੱਤਾ।
ਸੀਸ ਝੁਕਾਅ ਰੂਹ ਗ੍ਰੰਥ, ਸਰੀਰ ਪੰਥ, ਅੰਤ ਪ੍ਰਯੰਤ ਕਰ ਦਿੱਤਾ।
'ਡਿਠੇ ਮੁਕਤਿ ਨ ਹੋਵਈ' ਦੇ, ਰਾਜ਼ ਰਜ਼ਾਅ ਦਾ ਵਰ ਦਿੱਤਾ।

ਹਕੂਮਤੀ ਸਨਾਟਿਆਂ ਦੇ, ਖ਼ੁਆਰ ਹੋਏ ਸਭ ਪਾਟਿਆਂ ਨੂੰ,
ਏਕਤਾ ਦੀਆਂ ਸੂਈ ਕਦੂੰਈ ਨਾਲ, ਸੀਣ ਨੂੰ ਜੀਅ ਕਰਦਾ ਹੈ।
ਸਾਜ਼ਿਸ਼ੀ ਪਰਿਕਾਰੀਆਂ ਦਾ, ਮਨਮਾਨੀਆਂ ਕਾਰਗੁਜ਼ਾਰੀਆਂ ਦਾ,
ਤਾਹੀਓ ਉਹ! ਕਦੇ ਕਦੇ ਜ਼ਿਕਰ ਫ਼ਿਕਰ ਕਰਦਾ ਹੈ।

ਨਦੀ ਕਿਨਾਰੇ ਰੁਖੜੇ ਦੇ, ਇਨ੍ਹਾਂ ਉੱਖੜੇ ਪੁੱਖੜੇ ਅੱਖਰਾਂ 'ਚੋਂ,
ਸਰਬੱਤ ਦਾ ਭਲਾ ਮੰਗਦੇ, ਵਿਰਸੇ ਦੀ ਜੇ ਕੋਈ ਝਲਕ ਪੈ ਜਾਵੇ।

ਉਹ ਫਿਰਤੂ ਫਨਕਾਰਾਂ, ਮੱਕਾਰਾਂ, ਗੁਨਾਹਗਾਰਾਂ ਨੂੰ,
ਮਨਮਾਨੀਆਂ ਤੋਂ ਹੋੜ ਕੇ, ਹੱਥ ਜੋੜ ਕੇ ਕੁਝ ਤਾਂ ਸਮਝਾਵੇ।

ਰੱਬ ਕਰੇ! ਅੱਜ ਫੇਰ ਕੋਈ, ਪ੍ਰੇਮ ਖੇਲਨ ਕਾ ਚਾਉ ਵਿਖਾਵੇ,
ਸੀਸ ਤਲੀ ਧਰ, ਮਹਿਬੂਬ ਮੁਰਸ਼ਦ ਦੀ, ਗਲੀ ਲੰਘ ਆਵੇ।
ਮਾੜੀ ਕੰਬਕੋ ਮੀਰਾਂ ਕੋਟੀਆ, ਪੁੱਤ ਸਪੁਤ ਬਣ ਵਿਖਾਵੇ,
ਪਿਉ ਦਾਦੇ ਦੇ ਖਜ਼ਾਨੇ ਬਣੇ ਨਿਸ਼ਾਨੇ ਨੂੰ, ਪੁਨਰ ਆਜ਼ਾਦ ਕਰਾਵੇ।

ਅੰਮ੍ਰਿਤਸਰ ਸਿਫਤੀ ਦੇ ਘਰ ਨੂੰ, ਗੁਰੂਜਨਾਂ ਮੀਆਂਮੀਰ ਤੋਂ ਮਿਲੇ ਵਰ ਨੂੰ,
ਮੁਤਬੱਰਕ ਮੁਕੱਦਸ ਘਰ ਨੂੰ, ਪਾਕ ਸਫ਼ਾਫ਼ ਪਾਕੀਜ਼ਾ ਦਰ ਨੂੰ।
ਪੀਰੀ-ਮੀਰੀ, ਮੀਰੀ-ਪੀਰੀ ਦਾ, ਨਿਰੰਤਰ ਅੰਤਰ ਸਮਝਾਵੇ,
ਕੋਈ ਕਿਸੇ ਦਾ ਹੱਥ ਠੋਕਾ ਬਣ, ਮਰਜ਼ੀ ਨਾਲ ਨਾ ਵਰਤਿਆ ਜਾਵੇ।
'ਸ਼ਠਮ ਗੁਰਭਾਰੀ' ਦੇ ਉੱਚ ਮਿਆਰੀ, ਆਚਾਰ ਵਿਵਹਾਰ ਕਿਰਦਾਰ ਦਾ,
ਇਹ ਸਹੀ ਸੰਦੇਸ਼ਾ, ਸੰਸਾਰ ਵਿਚ, ਸਭਨੀਂ ਥਾਈਂ ਸਹੀ ਰੂਪ 'ਚ ਜਾਵੇ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ, ਮੋ. 98153-03206**

* * * * *

# 2017 ਮੁਬਾਰਕ


R.S. Terkiana

ਜ਼ਿੰਦਗੀ ਦੇ ਵਿੱਚ ਚੜ੍ਹ ਗਿਆ ਮਿੱਤਰੋ ਵੀਹ ਸੌ ਸਤਾਰਵਾਂ ਸਾਲ
ਚੜ੍ਹਦੇ ਸਾਲ ਹੀ ਵਜ ਗਿਆ ਏਥੇ ਚੋਣਾਂ ਦਾ ਘੜਿਆਲ
ਸੰਖੇਪ ਦੇ ਵਿੱਚ ਹੀ ਦਸਦਾਂ ਤੁਹਾਨੂੰ ਬੀਤੇ ਵਰ੍ਹੇ ਦਾ ਹਾਲ
ਘਟਨਾਵਾਂ ਉੱਤੇ ਜੱਜਮੈਂਟ ਦੇਣੀ ਹੁੰਦੀ ਮੈਂ ਹਰ ਸਾਲ

ਸਵਿੱਸ ਬੈਂਕਾਂ ਵਿੱਚ ਕਾਲੇ ਧਨ ਦੀ ਕਰਦੇ ਨਹੀਂ ਪੜਤਾਲ
ਨੋਟਬੰਦੀ ਨਾਲ ਕਰਨਗੇ ਕਿੱਦਾਂ ਲੋਕਾਂ ਨੂੰ ਖੁਸ਼ਹਾਲ
ਮੋਦੀ ਸਾਹਿਬ ਨੂੰ ਮੇਰਾ ਤਾਂ ਹੈ ਇੱਕੋ ਇੱਕ ਸਵਾਲ
ਪਬਲਿਕ ਨੂੰ ਕੀ ਫ਼ਾਇਦਾ ਹੋਇਆ ਨੋਟਬੰਦੀ ਦੇ ਨਾਲ

ਬੈਂਕਾਂ ਅੱਗੇ ਖੜ੍ਹੇ ਲੋਕਾਂ ਦਾ ਬੁਰਾ ਹੋਇਆ ਜਦ ਹਾਲ
ਸੁਪਰੀਮ ਕੋਰਟ ਕਿਉਂ ਚੁੱਪ ਰਹੀ ਹੈ ਇਹ ਵੀ ਅਹਿਮ ਸਵਾਲ
ਬੇਸ਼ਕ ਬਾਦਲਾਂ ਕੋਲ ਬਹੁਤ ਹੈ ਧਨ ਦੌਲਤ ਤੇ ਮਾਲ
ਦਿੱਲੀਉਂ ਆ ਕੇ ਤੁੰਨ ਸਕਦਾ ਹੈ ਇਨ੍ਹਾਂ ਨੂੰ ਕੇਜਰੀਵਾਲ

ਮਜੀਠੀਏ ਨੂੰ ਤਾਂ ਲੋਕੀਂ ਕੱਢਦੇ ਘਰ-ਘਰ ਦੇ ਵਿੱਚ ਗਾਲ੍ਹ
ਚਿੱਟੇ ਦਾ ਉਹ ਤਸਕਰ ਕਹਿੰਦੇ ਬਾਦਲਾਂ ਰੱਖਿਆ ਪਾਲ
ਬਾਦਲਾਂ ਅੱਗੇ ਬੋਲ ਜਾਣ ਭਲਾ ਇਨ੍ਹਾਂ ਦੀ ਕੀ ਮਜਾਲ
ਜੱਥੇਦਾਰ ਕਈ ਜਿਉਂਦੇ ਹਨ ਮਰੀਆਂ ਜ਼ਮੀਰਾਂ ਨਾਲ

ਬਾਦਲਾਂ ਨੇ ਤਾਂ ਚੱਲੀ ਆਖ਼ਿਰ ਆਪਣੀ ਗੁੱਝੀ ਚਾਲ
ਸ਼੍ਰੋਮਣੀ ਕਮੇਟੀ 'ਚੋਂ ਮੱਕੜ ਕੱਢਿਆ ਮੱਖਣ 'ਚੋਂ ਜਿਉਂ ਵਾਲ
ਟਿਕਟ ਦੇ ਮਾਮਲੇ ਵਿੱਚ ਬਣ ਬੈਠਾ ਛੋਟੇਪੁਰ ਦਲਾਲ
ਕਨਵੀਨਰਸ਼ਿਪ ਤੋਂ ਲਾਹ ਸੁੱਟਿਆ ਤਾਂ ਬੁਰਾ ਹੋਇਆ ਉਹਦਾ ਹਾਲ

ਵਧੀਆ ਦਲੀਲਾਂ ਦਿੰਦੇ ਘੁੱਗੀ ਅਤੇ ਕੇਜਰੀਵਾਲ
ਖਹਿਰਾ ਤੇ ਭਗਵੰਤ ਬੋਲਦੇ ਬੜੀ ਦਲੇਰੀ ਨਾਲ
ਰੁੱਸੀ ਫਿਰਦੇ ਨਾਲ ਨਹੀਂ ਤੁਰਦੇ ਲੀਡਰ ਕਈ ਫ਼ਿਲਹਾਲ
ਕਿਉਂਕਿ ਟਿਕਟਾਂ ਲੈ ਗਏ ਹਨ ਕਈ ਸਿਰਫ਼ ਰੁਪਈਆਂ ਨਾਲ

ਨਵਜੋਤ ਸਿੱਧੂ ਨੇ ਚੱਲੀ ਏਥੇ ਸਭ ਤੋਂ ਘਟੀਆ ਚਾਲ
ਟੱਪੀ ਫਿਰਦਾ ਸੀ ਉਹ ਉੱਚੀ ਮਾਰ ਨਾ ਸਕਿਆ ਛਾਲ
ਮੌਕਾ-ਪ੍ਰੱਸਤ ਹੰਸ ਰਾਜ ਦਾ ਦੇਖ ਲਿਆ ਤੁਸੀਂ ਹਾਲ
ਰਾਜਨੀਤੀ ਵਿੱਚ ਰੁਲਦਾ ਫਿਰਦਾ ਛੱਡ ਕੇ ਸੁਰ ਤੇ ਤਾਲ

ਰਾਹੁਲ ਕਹਿੰਦਾ ਕਾਂਗਰਸ ਕਰੇਗੀ ਚੋਣਾਂ ਦੇ ਵਿੱਚ ਕਮਾਲ
ਜਦ ਕਿ ਬਾਜਵੇ ਤੇ ਕੈਪਟਨ ਦੀ ਗਲਦੀ ਨਹੀਂਓ ਦਾਲ
ਸੁਖਬੀਰ, ਮਨਪ੍ਰੀਤ ਵਾਂਗ ਹੀ ਲੜਦੇ ਅਖਿਲੇਸ਼ ਅਤੇ ਸ਼ਿਵਪਾਲ
ਰਾਜਨੀਤੀ ਦਾ ਹਰ ਸੂਬੇ ਵਿੱਚ ਇੱਕੋ ਜਿਹਾ ਹੈ ਹਾਲ

ਤੱਕੜੀ, ਫੁੱਲ ਤੇ ਪੰਜੇ ਵਾਲੇ ਦੇਖ ਲਏ ਕਈ ਸਾਲ
ਪੰਜਾਬ 'ਚ ਹੁਣ ਤਬਦੀਲੀ ਜਨਤਾ ਚਾਹੁੰਦੀ ਹੈ ਹਰ ਹਾਲ
ਤੁਹਾਡੇ ਜ਼ਮੀਰ ਦੀ ਹੋਣੀ ਇਸ ਵਾਰ ਚੋਣਾਂ ਵਿੱਚ ਪੜਤਾਲ
ਪੰਜਾਬੀਓ ਦੁਨੀਆ ਦੇਖੇਗੀ ਤੁਸੀਂ ਖੜ੍ਹੇ ਹੋ ਕਿਹਦੇ ਨਾਲ

ਜੈ ਲਲਿਤਾ ਤਾਂ ਦੁਨੀਆ ਛੱਡ ਗਈ ਦਿਲ ਦੇ ਦੌਰੇ ਨਾਲ
ਕਾਮਰੇਡਾਂ ਨੂੰ ਗੁੱਠੇ ਲਾ ਗਈ ਮਮਤਾ ਵਿੱਚ ਬੰਗਾਲ
ਕਮਿਉਨਿਸਟਾਂ ਨੇ ਜ਼ੋਰ ਲਾ ਲਿਆ ਚੁੱਕ ਕੇ ਝੰਡੇ ਲਾਲ
ਇਨਕਲਾਬ ਤਾਂ ਆਇਆ ਨਹੀਂ ਲੰਘ ਗਏ ਸੱਤਰ ਸਾਲ

ਬੀ.ਜੇ.ਪੀ. ਵਿੱਚ ਜਿੱਦਾਂ ਹੋਇਆ ਅਡਵਾਨੀ ਦਾ ਹਾਲ
ਬਿਹਾਰ ਦੇ ਵਿੱਚ ਵੀ ਓਦਾਂ ਹੋਇਆ ਲਾਲੂ ਯਾਦਵ ਨਾਲ
ਮਾਇਆਵਤੀ ਦੇ ਹਾਥੀ ਦੀ ਤਾਂ ਮੱਠੀ ਪੈ ਗਈ ਚਾਲ
ਦਲਿਤਾਂ ਦੀ ਮੁਸ਼ਕਲ ਇਹ ਬਣ ਗਈ ਤੁਰਨ ਉਹ ਕਿਹਦੇ ਨਾਲ

ਕਸ਼ਮੀਰੀਆਂ ਕੋਲ ਡਰਾਈ ਫਰੂਟ ਤੇ ਪਸ਼ਮੀਨੇ ਦੇ ਸ਼ਾਲ
ਪਾਕਿਸਤਾਨ ਹੈ ਲੁੱਟਣਾ ਚਾਹੁੰਦਾ ਉਹਨਾਂ ਦਾ ਸਾਰਾ ਮਾਲ
ਚੰਗਾਂ ਹੋਇਆ ਦੋ ਮੁਲਕਾਂ ਨੇ ਜੰਗ ਹੈ ਦਿੱਤੀ ਟਾਲ
ਜੰਗਾਂ ਵਿੱਚ ਸ਼ਹੀਦ ਹੋ ਜਾਂਦੇ ਕਈ ਮਾਵਾਂ ਦੇ ਲਾਲ

ਮਾਇਆ ਇਕੱਠੀ ਕਰੀ ਜਾ ਰਹੇ ਮੁਲਕ ਦੇ ਵਿੱਚ ਦਲਾਲ
ਲੋਕਾਂ ਨੂੰ ਹੀ ਉੱਠਣਾ ਪੈਣਾਂ ਇਨ੍ਹਾਂ ਨੂੰ ਕਰਨ ਹਲਾਲ
ਅਮਰੀਕਾ, ਇੰਡੀਆ ਉੱਤੇ ਐਵੇਂ ਹੋਇਆ ਫਿਰੇ ਦਿਆਲ
ਐਪਰ ਔਖੇ ਵੇਲੇ ਖੜ੍ਹਦਾ ਰਸ਼ੀਆ, ਭਾਰਤ ਨਾਲ

ਟਰੰਪ ਦਾ ਜਿੱਤਣਾਂ ਵੀ ਦੁਨੀਆ ਲਈ ਗੁੰਝਲਦਾਰ ਸਵਾਲ
ਦੇਖੋ ਕੀ ਵਰਤਾਰਾ ਕਰਦਾ ਏਸ਼ੀਅਨ ਲੋਕਾਂ ਨਾਲ
ਜੀਵਨ ਵਿੱਚ ਖੁਸ਼ੀਆਂ ਗ਼ਮੀਆਂ ਦੇ ਆਉਣੇ ਬਹੁਤ ਉਛਾਲ
ਨੈਤਿਕਤਾ ਨਾ ਛੱਡਿਓ ਹਰ ਪਲ ਰੱਖਿਓ ਇਹਦਾ ਖ਼ਿਆਲ

ਪਿਆਰ ਮੁਹੱਬਤ ਦੋਸਤੀਆਂ ਦੀ ਕਰ ਲਿਓ ਯਾਰ ਸੰਭਾਲ
ਲੋਹੇ ਵਰਗੀਆਂ ਦੋਸਤੀਆਂ ਨੂੰ ਪੈ ਨਾ ਜਾਣ ਜੰਗਾਲ
'ਟੇਰਕਿਆਨਾ' ਵੱਲੋਂ ਮੁਬਾਰਕ ਵੀਹ ਸੌ ਸਤਾਰਵਾਂ ਸਾਲ
ਤਿੰਨ ਸੌ ਪੈਂਹਟ ਦਿਨਾਂ ਵਿੱਚ ਮਿੱਤਰੋਂ ਕਰਿਓ ਕੋਈ ਕਮਾਲ

**ਸ਼ੁਭ -ਇੱਛਾਵਾਂ**

ਵੱਲੋਂ :-


**Raghbir Singh Terkiana**
Advocate
673, New Model Town,
Hoshiarpur (Pb.)

ਮੋਬਾਇਲ ਫੋਨ :
98141-73402

ਰਘਵੀਰ ਸਿੰਘ ਟੇਰਕਿਆਨਾ
ਐਡਵੋਕੇਟ
ਜ਼ਿਲ੍ਹਾ ਕਚਹਿਰੀ -ਹੁਸ਼ਿਆਰਪੁਰ

E-mail: raghbirterkiana@yahoo.co.in

## ਅਨੰਦਪੁਰ ਦੇ ਵਿਛੋੜੇ ਦੀ ਪਹਿਲੀ ਜ਼ਾਲਮ ਰਾਤ (ਛੇ ਪੋਹ)

ਕਲਗੀਧਰ ਦੇ ਚੋਜ ਅਨੋਖੇ।
ਕੀਤੇ ਸਤਿਗੁਰ ਕੌਤਕ ਚੋਖੇ।
ਹਰ ਇਕ ਕੀਤਾ ਕੰਮ ਨਿਆਰਾ।
ਹੈਰਤ ਵਿਚ ਜਗ ਹੋਵੇ ਸਾਰਾ।
ਸੇਕ ਉਹਦੀ ਕੀ ਕਹੇ ਕਹਾਣੀ।
ਜੀਹਦੀ ਇਕ ਰਮਜ਼ ਨ ਜਾਣੀ।
ਅਰਸ਼ੀ ਜੀਵਨ ਅਰਸ਼ੀ ਬਾਤਾਂ।
ਕੁਦਰਤ ਚਰਨੀ ਧਰੇ ਸੁਗਾਤਾਂ।੮।

ਪਰ ਕਲਗੀਧਰ ਹਿੱਸੇ ਦਾਤਾਂ।
ਆਈਆਂ ਪੰਜ ਕਾਲੀਆਂ ਰਾਤਾਂ।
ਹਰ ਇਕ ਰਾਤ ਦੀ ਅਜ਼ਬ ਕਹਾਣੀ।
ਜਿਹੜੀ ਨਹੀਂ ਭੁਲਾਈ ਜਾਣੀ।
ਅੰਬਰ ਰੋਇਆ ਧਰਤੀ ਰੋਈ।
ਬਿਰਖਾਂ ਦੀ ਅੱਖ ਗਿੱਲੀ ਹੋਈ।
ਜੰਗਲ ਦਾ ਹਰ ਪੱਤਾ ਰੋਇਆ।
ਜੀਕੂੰ ਸਕਾ ਸੋਦਰਾ ਮੋਇਆ।੧੬।

ਪੌਣ ਸਲ੍ਹਾਬੀ ਈਕੂੰ ਹੋਈ।
ਹਰ ਬਦਲੀ ਜਿਉਂ ਫੁਟ ਫੁਟ ਰੋਈ।
ਪਹਿਲੀ ਰਾਤ ਅਨੰਦਪੁਰ ਆਈ।
ਹੋਈ ਕਹਿਰਾਂ ਭਰੀ ਜੁਦਾਈ।
ਛੱਡ ਅਨੰਦਪੁਰ ਸਤਿਗੁਰ ਚੱਲੇ।
ਇਸ ਹੋਣੀ ਨੂੰ ਕਿਹੜਾ ਠੱਲੇ।
ਰਾਤ ਹਨ੍ਹੇਰੀ ਸ਼ੂਕਾਂ ਮਾਰੇ।
ਬੱਦਲਾਂ ਸਾਰੇ ਢਕ ਲੇ ਤਾਰੇ।੨੪।

ਸੀਤ ਹਵਾ ਤੇ ਕੱਕਰ ਵਰ੍ਹਦਾ।
ਪਾਲੇ ਦੇ ਸੰਗ ਸੀਨਾ ਠਰਦਾ।
ਕਿਣਮਿਣ ਕਿਣਮਿਣ ਉਤੋਂ ਹੋਵੇ।
ਇਉਂ ਜਾਪੇ ਜਿਉਂ ਇੰਦਰ ਰੋਵੇ।
ਕਾਲੀ ਰਾਤ ਭਿਆਨਕ ਐਸੀ।
ਡਰ ਵੀ ਇਸ ਤੋਂ ਡਰਦਾ ਹੈਸੀ।
ਛੇ ਪੋਹ ਦੀ ਰਾਤ ਇਹ ਆਈ।
ਜਿਸਨੇ ਮੱਥੇ ਕਾਲਖ ਲਾਈ।੩੨।

ਐਸੀ ਰਾਤ ਕੁਲਹਿਣੀ ਆਈ।
ਅਨੰਦਪੁਰੀ ਨੂੰ ਪਈ ਜੁਦਾਈ।
ਨਗਰੀ ਨੌਂਵੇਂ ਗੁਰੂ ਵਸਾਈ।
ਕਲਗੀਧਰ ਨੇ ਸ਼ਾਨ ਵਧਾਈ।
ਅੱਜ ਉਹ ਨਗਰੀ ਸੁੰਨੀ ਹੋਈ।
ਅੰਤਾਂ ਦੀ ਉਹ ਨਗਰੀ ਰੋਈ।
ਸੱਚ ਦਾ ਸੂਰਜ ਜਿੱਥੇ ਚੜ੍ਹਿਆ।
ਅਮਰ ਖ਼ਾਲਸਾ ਜਿੱਥੇ ਘੜਿਆ।੪੦।

ਅੱਜ ਉਹ ਨਗਰੀ ਖਾਲੀ ਖਾਲੀ।
ਬਾਗ਼ ਉਜੜੇ ਬਾਝੋਂ ਮਾਲੀ।
ਸੁੰਨੇ ਪਏ ਅੱਜ ਮਹਿਲ ਮੁਨਾਰੇ।
ਖੰਡਰ ਬਣੇ ਨਗਰ ਜਿਉਂ ਭਾਰੇ।
ਨਾਲ ਅਨੰਦ ਭਰੀ ਜੋ ਨਗਰੀ।
ਠੀਕਰ ਠੀਕਰ ਹੋ ਗਈ ਗਗਰੀ।
ਜਾਣ ਤੋਂ ਪਹਿਲਾਂ ਹੁਕਮ ਸੁਣਾਯਾ।
ਹਰ ਵਸਤੂ ਦਾ ਕਰੋ ਸਫ਼ਾਯਾ।੪੮।

ਜਲ ਅਗਨੀ ਤੇ ਧਰਤੀ ਤਾਂਈ।
ਕੁਲ ਵਸਤਾਂ ਦੀ ਭੇਟ ਚੜ੍ਹਾਈ।
ਸੋਨਾ ਬਰਤਨ ਨਦੀ ਸੁਟਾਏ।
ਕਪੜਾ ਲੀੜਾ ਕੁੱਲ ਜਲਾਏ।
ਵਸਤ ਅਨੇਕਾਂ ਧਰਤ ਦਬਾਏ।
ਦੁਸ਼ਮਨ ਦੇ ਕੁਝ ਹੱਥ ਨਾ ਆਏ।੫੪।

ਬਣੇ ਸਿੰਘ ਕੁਲ ਸ਼ਸ਼ਤਰਧਾਰੀ।
ਤੇਗ ਕਟਾਰਾਂ ਬਰਛੇ ਭਾਰੀ।
ਭੱਥੇ ਤੀਰ ਕਮਾਨਾਂ ਪਾਈਆਂ।
ਸੈਫ਼ ਸਰੋਹੀ ਲੱਕ ਸਜਾਈਆਂ।
ਕਈਆਂ ਹੱਥ ਬੰਦੂਕਾਂ ਫੜੀਆਂ।
ਮੌਤ ਦੀਆਂ ਜੁ ਲਾਵਣ ਝੜੀਆਂ।
ਸੋਨਾ ਨਹੀਂ ਲੱਦ ਕੇ ਚੱਲੇ।
ਚੱਲੇ ਤਾਂ ਸ਼ਸ਼ਤਰ ਲੈ ਚੱਲੇ।
ਲੀੜਾ ਲੱਤਾ ਦਾਜ ਨ ਵਰੀਆਂ।
ਤੀਰਾਂ ਨਾਲ ਖੱਚਰਾਂ ਭਰੀਆਂ।੬੪।

ਕਲਗੀਧਰ ਦਾ ਕੁਲ ਸਰਮਾਇਆ।
ਅੱਜ ਅਨੰਦਪੁਰ ਛੱਡ ਕੇ ਆਇਆ।
ਚਾਰ ਲਾਲ ਤੇ ਪੰਜ ਪਿਆਰੇ।
ਪੰਜ ਸੌ ਸਿੰਘ ਸੂਰਮੇ ਭਾਰੇ।
ਇਕ ਰਥ ਤੇ ਮਾਂ ਗੁਜਰੀ ਹੋਈ।
ਦੂਜੇ ਰਥ ਤੇ ਮਹਿਲ ਦੋਈ।
ਛੋਟੇ ਲਾਲ ਗੁਰਾਂ ਦੇ ਜਾਏ।
ਦਾਦੀ ਮਾਂ ਨੇ ਗੋਦ ਬਿਠਾਏ।੭੨।

ਕਲਗੀਧਰ ਜਾਂ ਬਾਹਰ ਆ।
ਅਨੰਦਪੁਰੀ ਵੱਲ ਸੀਸ ਘੁੰਮਾਏ।
ਨਗਰੀ ਨੂੰ ਦੋ ਗੱਲਾਂ ਕਹੀਆਂ।
ਜਿਸ ਨੇ ਚੁਪ ਚਾਪ ਸੁਣ ਲਈਆਂ।
"ਐ ਅਨੰਦਪੁਰ ਮੁੜ ਨ ਆਉਣਾ।
ਮੁੜ ਕੇ ਪੈਰ ਅਸਾਂ ਨਾ ਪਾਉਣਾ।
ਤੂੰ ਵਸੀਂ ਤੇ ਪੰਥ ਪਿਆਰਾ।
ਸਿਰ ਤੇ ਹੱਥ ਧਰੂ ਕਰਤਾਰਾ।
ਮੰਨਾਂ ਭਾਣਾਂ, ਤੂੰ ਵੀ ਮੰਨੀ।
ਮੇਰੀ ਇਕ ਗੱਲ ਤੂੰ ਮੰਨੀ।
ਤੈਨੂੰ ਦਿਲੋਂ ਸਜਾਇਆ ਸੀ ਮੈਂ।
ਦਿਲ ਦਾ ਅੰਗ ਬਣਾਇਆ ਸੀ ਮੈਂ।
ਬਸ ਏਨਾ ਉਪਕਾਰ ਕਰੀਂ ਤੂੰ।
(ਮੇਰੇ) ਖਾਲਸੇ ਨਾਲ ਪਿਆਰ ਕਰੀਂ ਤੂੰ।੮੬।

**ਗੁਰਚਰਨ ਸਿੰਘ ਸੇਕ**

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ

ਸਿਹਤ ਸੰਭਾਲ

# ਚੰਗੀ ਸਿਹਤ ਲਈ ਗ੍ਰੀਨ ਟੀ ਪੀਓ



ਗ੍ਰੀਨ ਟੀ 'ਤੇ ਹੋਈਆਂ ਵਿਗਿਆਨਕ ਖੋਜਾਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਸਿਰਦਰਦ, ਤਣਾਅ, ਅਲਜਾਈਮਰਸ ਅਤੇ ਐਸੀਡਿਟੀ ਲਈ ਇਕ ਸ਼ਾਨਦਾਰ ਔਸ਼ਧੀ ਦੇ ਤੌਰ 'ਤੇ ਕੰਮ ਕਰਦੀ ਹੈ। ਇਕ ਚੀਨੀ ਕਹਾਵਤ ਅਨੁਸਾਰ, "ਚਾਹ ਤੋਂ ਬਿਨਾਂ ਇਕ ਦਿਨ ਰਹਿਣ ਨਾਲੋਂ ਚੰਗਾ ਹੈ ਕਿ ਤਿੰਨ ਦਿਨਾਂ ਤਕ ਭੋਜਨ ਦੇ ਬਗੈਰ ਰਿਹਾ ਜਾਏ।"

**ਗ੍ਰੀਨ ਟੀ ਤਿਆਰ ਕਰਨ ਦਾ ਤਰੀਕਾ -** ਇਕ ਕੱਪ ਗ੍ਰੀਨ ਟੀ ਬਣਾਉਣ ਲਈ ਟੀ ਦੀ ਇਕ ਥੈਲੀ ਜਾਂ ਅੱਧਾ ਚੱਮਚ ਗ੍ਰੀਨ ਟੀ ਦੀ ਪੱਤੀ ਲਓ। ਕੇਤਲੀ 'ਚ ਪਾਣੀ ਉਬਾਲ ਲਓ। ਸਟੋਵ ਜਾਂ ਗੈਸੀ ਚੁੱਲ੍ਹੇ ਨੂੰ ਬੰਦ ਕਰੋ ਅਤੇ ਤਿੰਨ ਮਿੰਟ ਤਕ ਉਡੀਕ ਕਰੋ, ਫਿਰ ਇਸ ਉਬਲੇ ਪਾਣੀ ਨੂੰ ਟੀ ਬੈਗ ਜਾਂ ਗ੍ਰੀਨ ਟੀ ਦੀ ਪੱਤੀ 'ਤੇ ਪਾਓ। ਤਿੰਨ ਮਿੰਟ ਤਕ ਉਡੀਕ ਕਰੋ। ਹੁਣ ਟੀ ਬੈਗ ਹਟਾ ਲਓ। ਫਿਰ ਤਿੰਨ ਮਿੰਟ ਉਡੀਕ ਕਰੋ ਅਤੇ ਫਿਰ ਇਸ ਚਾਹ ਨੂੰ ਪੀ ਕੇ ਇਸ ਦਾ ਤਾਜ਼ਗੀ ਭਰਿਆ ਸਵਾਦ ਲਓ। ਗ੍ਰੀਨ ਟੀ ਨੂੰ ਬਣਾਉਣ ਦੀ ਇਹ ਤਕਨੀਕ ਇਸ ਨੂੰ ਵਧੇਰੇ ਪੱਕੇ ਸਵਾਦ ਵਾਲੀ ਬਣਨ ਤੋਂ ਰੋਕਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਪ੍ਰਣਾਲੀ ਨੂੰ ਚੰਗੀ ਤਰ੍ਹਾਂ ਅਪਨਾਉਣਾ ਚਾਹੀਦੈ, ਨਹੀਂ ਤਾਂ ਇਸ ਦੇ ਲਾਭਦਾਇਕ ਪੋਲੀਫਿਨੋਲਸ ਕੌੜੇ ਸਵਾਦ 'ਚ ਬਦਲ ਜਾਣਗੇ।

**ਗ੍ਰੀਨ ਟੀ ਦੇ ਲਾਭ - ਦੰਦਾਂ ਦੀ ਰੱਖਿਆ 'ਚ ਸਹਾਇਕ :** ਗ੍ਰੀਨ ਟੀ ਪਲਾਕ 'ਚ ਮੌਜੂਦ ਨੁਕਸਾਨਦਾਇਕ ਬੈਕਟੀਰੀਆ ਨੂੰ ਨਸ਼ਟ ਕਰਕੇ ਦੰਦਾਂ ਦੀ ਰੱਖਿਆ ਕਰਦੀ ਹੈ। ਗ੍ਰੀਨ ਟੀ 'ਚ ਮੌਜੂਦ ਫਲੋਰੀਨ ਦੰਦਾਂ 'ਚ ਖੋੜਾਂ (ਕੈਵੀਟੀਜ਼) ਦੇ ਬਣਨ ਨੂੰ ਰੋਕਦਾ ਹੈ।

**ਆਰਥਰਾਇਟਿਸ 'ਚ :** ਜੋ ਲੋਕ ਚਾਰ ਜਾਂ ਪੰਜ ਕੱਪ ਗ੍ਰੀਨ ਟੀ ਦਾ ਸੇਵਨ ਕਰਦੇ ਹਨ, ਉਹ ਰੁਮੇਟਾਈਡ ਆਰਥਰਾਇਟਿਸ 'ਤੇ ਕੰਟਰੋਲ ਕਰ ਸਕਦੇ ਹਨ।

**ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ 'ਚ :** ਕੁਝ ਲੋਕਾਂ ਨੂੰ ਘੱਟ ਕੈਲੋਰੀ ਵਾਲੀ ਡਾਈਟ ਕਾਰਨ ਸਟੈਮਿਨਾ ਦੀ ਕਮੀ ਹੁੰਦੀ ਹੈ, ਗ੍ਰੀਨ ਟੀ 'ਚ ਮੌਜੂਦ ਗੁਰਾਨਾ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ 'ਚ ਸਹਾਇਕ ਹੁੰਦਾ ਹੈ।

**ਗੁਰਦੇ ਦੀਆਂ ਇਨਫੈਕਸ਼ਨਾਂ ਤੋਂ ਸੁਰੱਖਿਆ 'ਚ :** ਗ੍ਰੀਨ ਟੀ ਦੀ ਰੁਟੀਨ ਖਪਤ ਨਾਲ ਗੁਰਦਿਆਂ ਦੀ ਇਨਫੈਕਸ਼ਨ ਦੇ ਮੌਕੇ ਘਟਦੇ ਹਨ।

**ਦਿਮਾਗ ਦੀ ਪਰਫਾਰਮੈਂਸ 'ਚ ਸੁਧਾਰ ਲਈ :** ਗ੍ਰੀਨ ਟੀ 'ਚ ਵੱਖ-ਵੱਖ ਕਿਸਮ ਦੇ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਮਲਟੀਪਲ ਸਕਲੀਰੋਸਿਸ ਵਰਗੀਆਂ ਦਿਮਾਗੀ ਬੀਮਾਰੀਆਂ ਨਾਲ ਲੜਨ 'ਚ ਸਹਾਇਕ ਹੁੰਦੇ ਹਨ। ਇਹ ਦਿਮਾਗ ਦੀ ਕਾਰਜ ਪ੍ਰਣਾਲੀ ਨੂੰ ਵੀ ਵਧਾਉਂਦੇ ਹਨ।

**ਪਾਚਨ ਅਤੇ ਭੁੱਖ 'ਚ :** ਗ੍ਰੀਨ ਟੀ ਪਾਚਨ ਕਿਰਿਆ 'ਚ ਸਹਾਇਕ ਹੁੰਦੀ ਹੈ ਅਤੇ ਭੁੱਖ ਨੂੰ ਵਧਾਉਂਦੀ ਹੈ।

**ਦਿਲ ਦੀ ਰੱਖਿਆ 'ਚ :** ਗ੍ਰੀਨ ਟੀ ਐੱਲ.ਡੀ.ਐੱਲ. ਕੋਲੈਸਟ੍ਰਾਲ ਦੇ ਆਕਸੀਡੇਸ਼ਨ ਨੂੰ ਰੋਕਦੀ ਹੈ। ਇਸ ਤਰ੍ਹਾਂ ਧਮਨੀਆਂ 'ਚ ਪਲਾਕ ਦੇ ਘੱਟ ਹੋਣ ਨਾਲ ਦਿਲ ਸੰਬੰਧੀ ਰੋਗਾਂ ਦਾ ਖਤਰਾ ਘੱਟ ਹੁੰਦਾ ਹੈ। ਇਹ ਸਭ ਐਪੀਗੈਲੋਕੈਟੇਚਿਨ ਗੈਲੇਟ ਕਾਰਨ ਹੁੰਦਾ ਹੈ। ਜਾਪਾਨੀ ਲੋਕ ਜਿੰਨੀ ਮਰਜ਼ੀ ਸਿਗਰਟਨੋਸ਼ੀ ਕਰ ਲੈਣ, ਉਨ੍ਹਾਂ ਨੂੰ ਦਿਲ ਸੰਬੰਧੀ ਰੋਗ ਨਹੀਂ ਹੁੰਦਾ ਕਿਉਂਕਿ ਉਹ ਗ੍ਰੀਨ ਟੀ ਦਾ ਲਗਾਤਾਰ ਸੇਵਨ ਕਰਦੇ ਹਨ।

**ਚਮੜੀ ਦੀ ਰੱਖਿਆ 'ਚ :** ਖੋਜਾਂ ਤੋਂ ਪਤਾ ਲੱਗੈ ਕਿ ਗਰਮ ਪਾਣੀ 'ਚ ਮਿਲਾਏ ਗਏ ਗ੍ਰੀਨ ਟੀ ਦੇ ਤੱਤ ਚਮੜੀ 'ਤੇ ਬਾਹਰੀ ਤੌਰ 'ਤੇ ਲਗਾਉਣ ਨਾਲ ਰੇਡੀਏਸ਼ਨ ਦੇ ਪ੍ਰਭਾਵ ਨੂੰ ਘੱਟ ਕਰਦੇ ਹਨ। ਰੇਡੀਏਸ਼ਨ ਤੋਂ ਅਸਰਦਾਰ ਰੱਖਿਆ ਲਈ ਉਸ ਨੂੰ ਰੋਜ਼ਾਨਾ ਤਿੰਨ ਵਾਰ ਲਗਾਉਣਾ ਚਾਹੀਦੈ।

ਅਤੀਤ 'ਚ ਇਹ ਹਰਬਲ ਪਦਾਰਥ ਆਪਣੇ ਇਲਾਜ ਦੇ ਗੁਣਾਂ ਕਾਰਨ ਵਰਤਿਆ ਜਾਂਦਾ ਸੀ ਪਰ ਜਦੋਂ ਤੋਂ ਇਸ ਦੇ ਹੋਰ ਲਾਭ ਸਾਹਮਣੇ ਆਏ ਹਨ, ਇਹ ਇਕ ਆਲ ਰਾਊਂਡ ਔਸ਼ਧੀ ਬਣ ਚੁੱਕੀ ਹੈ। ਇਸ ਲਈ ਇਸ ਨੂੰ ਆਪਣੀ ਰੋਜ਼ਾਨਾ ਦੀ ਖੁਰਾਕ 'ਚ ਸ਼ਾਮਲ ਕਰਕੇ ਨਾ ਸਿਰਫ ਫੈਟ ਭਾਵ ਮੋਟਾਪਾ ਘੱਟ ਹੁੰਦਾ ਹੈ, ਸਗੋਂ ਨਾਲ ਹੀ ਇਹ ਤੁਹਾਡੇ ਸਰੀਰ ਨੂੰ ਸਾਫ ਕਰਕੇ ਵੱਖ-ਵੱਖ ਰੋਗਾਂ ਤੋਂ ਤੁਹਾਡੀ ਰੱਖਿਆ ਕਰਦੀ ਹੈ।

**डॉ. निर्मल सिंह, सेवादार पंजाबी सथ्थ लांबड़ा की छपी पुस्तक से धन्यवाद सहित प्रश्न-उत्तर छाप रहे हैं।**


**भाग - 8**

नहीं रीसाँ देश पंजाब दीयां

# की जाणा मैं कौण?

*( पंजाब की संस्कृति एवं समूची धरोहर )*

डॉ. निर्मल सिंह



**प्रश्न**


195. 'सिफ़्ती का घर' कौन सा शहर है?
196. 'सिठणी' का क्या अर्थ है?
197. 'पटवारी' कौन होता है?
198. 'सरपंच' किसे कहते हैं?
199. 'नगर निगम' के प्रधान को क्या कहते हैं?
200. 'पंजाब प्रदूषण नियंत्रण बोर्ड' का मुख्य कार्यालय कहाँ पर है?
201. 'पूर्वी पंजाब' के कितने ज़िले हैं?
202. 'हरियाणा' के कुल कितने ज़िले हैं?
203. पंजाब-हरियाणा-चंडीगढ़ और हिमाचल से कितने लोक-सभा सदस्य चुने जाते हैं?
204. 'डलहौज़ी' शहर कहाँ पर है?
205. 'शिमला शहर' का क्या महत्व है?
206. 'रेणुका झील' किस राज्य में है?
207. 'पाँवटा साहिब' कौन से ज़िले में है?
208. 'अचल बटाला' कहाँ पर है?
209. 'हरियाणा राज्य' कब अस्तित्व में आया?
210. 'बहावलपुर' शहर कहाँ पर है?
211. 'उच्च का पीर' कौन था?
212. 'साधु दया सिंह आरिफ़' कौन था?
213. 'रविदासिए' कौन होते हैं?
214. 'सैन भगत का (देहुरा) मंदिर' कहाँ पर है?
215. 'आदि धर्मी' किन्हें कहा जाता है?'
216. 'रामगढ़िए' कौन होते हैं?
217. 'आर्य समाजी' कौन होते हैं?
218. 'सनातन धर्म' से क्या तात्पर्य है?
219. 'शिया मुसलमान' कौन होते हैं?
220. 'निरंकारी सम्प्रदाय' का संस्थापक कौन था?
221. 'तरनतारन' किसने बसाया था?
222. 'चालीस मुक्तों' की धरती कौन सी है?
223. 'सरहिंद' की ईंट से ईंट किसने बजाई थी?
224. 'भाखड़ा' नदी का स्रोत क्या है?

**उत्तर**

195. अमृतसर सिफ़्ती दा घर।
196. विवाह के समय नानी और दादी के परिवार का आपस में बारातियों के साथ हंसी-मजाक में गाए जाने वाले गीत।
197. ज़मीन का रिकार्ड रखने वाला।
198. पंचायत के प्रधान को।
199. महापौर।
200. पटियाला।
201. 22 ज़िले।
202. 21 ज़िले।
203. कुल 28 (पंजाब 13), हरियाणा 10, चंडीगढ़ 1, हिमाचल 4।
204. पठानकोट से उत्तर की तरफ चंबा ज़िले में पहाड़ी सैरगाह (भ्रमण स्थल)।
205. हिमाचल प्रदेश की राजधानी और सैर गाह।
206. हिमाचल प्रदेश में ज़िला सिरमौर।
207. सिरमौर।
208. बटाला, ज़िला गुरदासपुर के समीप।
209. 1966ई.
210. पश्चिमी पंजाब के दक्षिण में।
211. गुरू गोबिंद सिंह।
212. मार्फ़त रंग वाला किस्साकार।
213. भगत रविदास जी के प्रशंसक।
214. गाँव प्रताबपुरा, तहसील फिल्लौर, ज़िला जालंधर।
215. दोआबा के रविदासियों को।
216. रामगढ़िया मिसल वाले आम तौर पर मिस्त्री सिंह।
217. मूर्तियों की पूजा न करने वाले, वेदों के अनुयाई।
218. मूर्ति पूजा करने वाले पुरातन पंथी हिंदु।
219. हज़रत अली को मानने वाले।
220. बाबा दयाल जी।
221. गुरू अरजन देव जी ने।
222. मुक्तसर। 223. बाबा बंदा सिंह बहादुर ने।
224. नंगल, ज़िला रोपड़ से।

( चलता )

# नवदीप सिंह लेबर इंफोरसमेंट अफसर नियुक्त



गांव नौशिहरा नलबंदा पंचायत की ओर से सरपंच सुखजिंद्र सिंह की अध्यक्षता में सम्मान समारोह का आयोजन किया गया। जिसमें गांव के नवदीप सिंह को बतौर लेबर विभाग में लेबर इंफोरसमेंट अफसर ग्रेड नियुक्त होने पर सम्मानित किया गया।

इस मौके पर नवनियुक्त अफसर नवदीप सिंह के पिता व गांव के गणमान्य व्यक्ति उपस्थित थे। नवदीप सिंह ने कहा कि वह जिस मुकाम पर हैं पर योग्य माता-पिता व गुरुजनों की बदौलत है। उन्होंने कहा कि पूरी तनदेही से वह अपनी ड्यूटी का निर्वाह करेंगे। उधर, सरपंच सुखजिंद्र सिंह ने कहा कि नवदीप ने अपने माता-पिता के साथ-साथ गांव का नाम भी रोशन किया है। उन्होंने गांव के अन्य युवाओं को भी नवदीप से प्रेरणा लेने को प्रेरित किया, जिससे ज़िंदगी में सफलता के मुकाम को हासिल किया जा सके। इस मौके पर सुरिंद्र सिंह, जत्थेदार सतपाल सिंह, पूर्व सरपंच नत्था राम, जरनैल सिंह व बख्शीस सिंह उपस्थित थे।

* * *        * * *        * * *        * * *

# निबन्ध : सत्संगति

इन्सान जब पैदा होता है तो उसे कुछ भी पता नहीं होता। वह कहाँ है, था, फिर कौन है, कैसे है कुछ भी नहीं? कहने का भाव कि कोई भी जब पैदा होता है तो उसे किसी बात का ज्ञान नहीं होता है, न तो अच्छाई का और न ही बुराई का लेकिन जैसे-जैसे वह अपने नाम की प्राप्ति करता है उसे सब बातों का ज्ञान होने लगता है। वह अच्छे और बुरे की पहचान कर पाता है।

ज्ञान प्राप्त करना ही सब कुछ नहीं बल्कि ऐसी कई बातें होती है जो ज्ञान को भी मूर्खता में बदल देती है। कहने को तो सबके मित्र होते हैं और प्यारे भी। लेकिन किसी के अच्छे मित्र होते हैंऔर किसी के बुरे जिनकी संगति से हमें बहुत कुछ अपनी ज़िन्दगी में झेलना पड़ता है।

जैसे:-

**अच्छी संगति :-** जो व्यक्ति अच्छा है और उसके मित्र भी अच्छे हैं। वह हमेशा लोगों की मदद करते हैं। लोगों का प्यार तथा स्नेह पाते हैं। उन्हें न तो किसी से डरने की ज़रूरत होती है और न ही कभी नज़र चुराने की। जो अच्छे हैं वह अपने अच्छे ज्ञान से बुरे लोगों को भी अच्छा बनाने का ज्ञान रखते हैं। अच्छे मित्र होनें से आप कभी बुराई के रास्ते नहीं चुन पाते। आप अपने परिवार के साथ खुश रह पाते हैं। आपको विद्या ग्रहण करने की इच्छा होती है। सब को आप अच्छे लगते हैं। किसी की आँखों में नहीं खटकते।

**बुरी संगति :-** जो व्यक्ति अच्छा है पढ़ाई में भी और अनेक कामों में लेकिन उसकी संगति बुरी है तो उसकी गिनती अच्छे लोगों में होगी जो व्यक्ति बुरा है, कभी खुश रह पाता। उसे कभी लोग पसंद नहीं करते। वह सबकी आँखों में खटकते हैं।

**जैसे :-**

चोरी करना, डाका डालना, नशे करना तथा ऐसे कई काम बुरे लोगों की कोई मदद नहीं करना चाहता क्योंकि जो भी बुरे की मदद करते हैं, समाज की नज़र में वह भी बुरे बन जाते हैं। बुरे लोगों की संगति कभी काम नहीं आती है। इसलिए कि सबको अच्छा बनना चाहिए तथा अच्छी संगति रखनी चाहिए। हमेशा भलाई का काम करना चाहिए। हमेशा सच्च बोलना चाहिए।

**अभिजीत कुमार**

Contd. from the issue dec. 2016

# Health Tips By Experts

## PICK UP SOME SLEEP GLASSES - THE NEUROLOGY EXPERT

The blue light emitted by your computer screen, smartphone and television stimulates your brain, making it harder to fall asleep. But even insomniacs typically are not willing to give up screen time for the recommended hour or two before bed, says Lisa Shives, MD. So she is found another solution: blue-light-filtering glasses. Put them on if you are using the computer before bed, and you will sleep much better, Dr Shives says. Learn about them at safetyglasseusa.com/amberlens.html

**Dr. Lisa Shives is the founder of North shore sleep medicine in Illinois, USA**

## TO FEEL BETTER, IMAGINE THE WORST - THE HAPPINESS EXPERT

Don't count your blessings; subtract them."Consciously spend a few minutes imagining what your life would be like without the good things," says Timothy Wilson, a psychologist at the University of Virginia. You will experience stronger feelings of love, gratitude and happiness when you think about what life would be like without the people and things you love. "And they will seem surprising and special again," he adds.

Timothy Wilson is the author of Redirect: The surprising New Science of Psychological Change.

## FOR A GOOD NIGHT'S REST, KEEP YOUR COOL - THE INSOMNIA EXPERT

Insomniacs who wear a cap that keeps their brain cool not only sleep better but aslo sleep as well as people without any sleep problems, a university of Pittsburgh School of Medicine study found recently. While cooling caps are not yet available at your local chemist, you could try this alternative strategy from insomnia specialist Lawrence Epstein, MD: Promote a drop in your body (and brain!) temperature by taking a warm bath 30 minutes to an hour before you hit the sack. Your body's own natural cooling system will take over in response. Simpler yet, keep your bedroom temperature low (no warmer than 18 degrees) and bury all but your head under the covers.

**Dr. Lawrence Epstein is chief medical officer of sleep Health Centers in Massachusetts.**

## FOCUS LESS ON THE KIDS, MORE ON YOUR SPOUSE - THE FAMILY EXPERT

You are probably already devoting enough quality time to your children, says Stephanie Coontz, director of research at the Council on Contemporary Families, USA. Parents today spend a lot more time with their kids than parents did in, say, 1965, when most mothers did not even work outside the home. Whom should you is spending time with? Your spouse and other adults, Coontz says. A vital and romantic marriage requires constant renewal-new stories, experiences and memories.

So cancel family night occasionally and skip out with your spouse. Better yet, make it a double date.

**Stephanie Coontz is the author of Marriage, a History: How Love Conquered Marriage.**

## REV UP WITH THE SPICE OF LIFE - THE HEALTHY-COOKING EXPERT

Hot chilies do more than just give you a warm and tingly flush. The active ingredient in the chilies, capsaicin, also strokes your metabolism for an hour after you eat it, says Chief Jennifer Iserlohn. Eating spicy foods also helps you feel full faster, so you would not overeat, and the peppers, low in calories, are good sources of Vitamin C.

**Jennifer Iserlohn is the author of Secrets of a Skinny Chef.**

## KICK OFF YOUR DAY WITH CHOCOLATE – THE ENERGY EXPERT

A square of dark chocolate has just the right amount of the obromine (a cousin to caffeine) to wake you up but not enough to cause a crash later, says chronic-fatigue specialist Jacob Teitelbaum, MD. Is also chock-full of antioxidants, may decrease heart attack risk, lifts mood –and tastes delicious. Try it as a midmorning snack!

**Dr. Jacob Teitelbaum is medical director of the Fibromyalgia & Fatigue Centers, USA.**


## EAT MORE QUINOA - THE HEALTHY CHEF EXPERT

Rich in protein, fiber, and hard-to-get magnesium, which protects against hypertension, quinoa has well-deserved reputation as a "super food (A typical serving has twice as much protien and eight time as much fiber as deserving of white rice.) But some people find that it can taste a little bland restaurant chefs have a secret that's not included.


## TO BOOST ESTEEM GET INTO YOUR FRIEND'S HEAD - THE COMPASSION EXPERT

If you are engaged in an endless round of self-criticism over some perceived failure, back down . Simply being nice to yourself will not only help you achieve your personal goals but also help you be happier and less stressed out, say investigators who are spearheading new research on compassion. To ramp up your self-compassion, try writing a letter to yourself about something you have been struggling with in the voice of a trusted pal, suggests Krishan Neff, a life-development specialist at the University of Texas. "Imagine you are an empathetic friend and think, what would this person write to me about this situation? What would she say about what I am going through?" Neff says. "We have found that most people have a much easier time being self compassionate if they pretend to be someone else."

**Kristin Neff is the author of Self-Compassion: Stop Beating yourself Up and Leave Insecurity Behind.**



# MATRIMONIAL



**Suitable Qualified match for Lubana Sikh boy born on May 1987, 5'7" B.Tech from KU MS (IT) USA, Presently working with IT USA. Required girl from well educated family. Contact No.-099960-73733,089686-61065**

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ। ਅਦਾਰਾ ਲੁਬਾਣਾ ਸੇਵਕ

# THE ENGLISH LANGUAGE

**Kamaljit Kaur**

As a medium of instruction and examination, the English Language was introduced in India in 19th Century by William Bentick, the then Governor General of India for importing western system of education. The aim of British rulers in inducting English Language in India was to ensure mental slavery to produce 'babus' for administration and for introducing the western culture.

Introduction of English Language however proved a boon. Raja Rammoham Roy, then religious and social reformer, was a keen supporter of this language, other leaders, like. 1. Dadabhai Naurji, Moti Lal Nehru, Jawahar Lal Nehru were also educated in English. The alien Language enabled our leaders to function well in the freedom struggle against the British rulers. English Language played a significant role in the freedom movement. It served a link and a unifying force among Indians belonging to different Indian states. Through this language the country kept abreast of developments in technology, science and culture. It also brought us closer to people of other continents and countries. English is no longer the language of Britishers. It has developed into an international language, countries like china, japan, south korea, Thailand and other countries of Europe, Asia and Africa are picking up the language; English is an important working language of the United Nations.

Indians, who have developed proficiency in this language are working in international agencies under the UN. This is owing to the fact that Indians have fast developed a high level of written and spoken English. Their communication is outstanding and the level of their speeches and debates in international forum is commendable. Knowledge of this language and literature has helped the country to develop close relations with English speaking countries. Indo-English literature is now well developed. Most of the latest literature in science and technology, space research, nuclear technology, medicine, engineering and architecture is in English and India has access to it through the language.

"Vast treasures of knowledge and research results thus become available. There are a number of Indian languages, the country was recoganised into states on the basis of language spoken. Hindi being spoken by the majority of people was declared the national language. But its imposition was opposed by the southern states of India. These states were assured that Hindi would not be imposed on them. Thus, English virtually became the link language. It links the northern and the southern states. Hindi continues to be the national language. There is no competition as such. Each has its own significance. English has been in use for more than 150 years. It has served as a foreign language that has been made good use of by India. Many Hindi words have since been included in English dictionaries. It is happy augury that both Hindi and English languages are flourishing and enriching each other and the country stands to benefit.

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-1-2017 ਤੋਂ 31-1-2017

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-6441 | 03-01-2017 |
| 2. | ਬੀਬੀ ਸੁਰਿੰਦਰ ਕੌਰ, ਸੈਕਟਰ-68, ਮੋਹਾਲੀ<br>(ਆਪਣੇ ਸਵਰਗਵਾਸੀ ਪਤੀ ਦੀ ਅੰਤਿਮ ਅਰਦਾਸ ਦੇ ਮੌਕੇ 'ਤੇ) | 1100/- | ਐਚ-6442 | 06-01-2017 |
| 3. | ਗੁਪਤ ਦਾਨ | 500/- | ਐਚ-6446 | 14-01-2017 |
| 4. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-6447 | 14-01-2017 |
| 5. | ਸ. ਅਮਰਜੀਤ ਸਿੰਘ ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ, ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 500/- | ਐਚ-6448 | 14-01-2017 |
| 6. | ਬੀਬੀ ਮੰਜੂਮਾਨ ਕੌਰ ਮੁਲਤਾਨੀ<br>ਮਕਾਨ ਨੰ.-144, ਸੈਕਟਰ-33-ਏ, ਚੰਡੀਗੜ੍ਹ | 500/- | ਐਚ-6449 | 14-01-2017 |
| 7. | ਇੰਜੀ. ਹਰਦੇਵ ਸਿੰਘ<br>ਮਕਾਨ ਨੰ.-1747, ਫੇਸ-7, ਮੋਹਾਲੀ | 200/- | ਐਚ-6450 | 14-01-2017 |
| 8. | ਸ. ਗੁਰਚਰਨ ਸਿੰਘ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-9001 | 14-01-2017 |
| 9. | ਸ. ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060,ਫੇਸ-10, ਮੋਹਾਲੀ | 500/- | ਐਚ-9002 | 14-01-2017 |
| 10. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-541, ਫੇਸ-3-ਏ, ਮੋਹਾਲੀ | 200/- | ਐਚ-9003 | 14-01-2017 |
| 11. | ਸ. ਜਗੀਰ ਸਿੰਘ ਲਾਲੀਆ ਵਿੱਤ ਸਕੱਤਰ<br>ਮਕਾਨ ਨੰ.-1838, ਫੇਸ-7, ਮੋਹਾਲੀ | 200/- | ਐਚ-9004 | 14-01-2017 |
| 12. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 200/- | ਐਚ -9005 | 14-01-2017 |

| | | | | |
|---|---|---|---|---|
| 13. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ.-3405, ਸੈਕਟਰ-40 ਡੀ, ਚੰਡੀਗੜ੍ਹ | 200/- | ਐਚ -9006 | 14-01-2017 |
| 14. | ਸ. ਸੁਖਵਿੰਦਰਪਾਲ ਸਿੰਘ, ਮੋਹਾਲੀ | 500/- | ਐਚ -9007 | 14-01-2017 |
| 15. | ਸ. ਹਰਦਿਆਲ ਸਿੰਘ ਚੰਡੀਗੜ੍ਹ | 100/- | ਐਚ -9008 | 14-01-2017 |
| 16. | ਸ. ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ.-1005, ਸੈਕਟਰ-71, ਮੋਹਾਲੀ | 200/- | ਐਚ-9009 | 14-01-2016 |
| 17. | ਸ. ਹਰਭਜਨ ਸਿੰਘ ਡੀ.ਆਈ.ਜੀ.ਪੀ.,<br>ਜ਼ੀਰਕਪੁਰ | 500/- | ਐਚ-9010 | 14-01-2017 |
| 18. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3 ਬੀ-1, ਮੋਹਾਲੀ | 500/- | ਐਚ-9011 | 14-01-2017 |
| 19. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 500/- | ਐਚ-9013 | 14-01-2017 |
| 20. | ਸ. ਹਰਭਜਨ ਸਿੰਘ ਡਿਪਟੀ ਚੀਫ ਇਜੀ: (ਰਿਟਾ.)<br>ਮਕਾਨ ਨੰ.-576, ਮੋਤਾ ਸਿੰਘ ਨਗਰ, ਜਲੰਧਰ | 25000/- | ਐਚ-9014 | 15-01-2017 |
| 21. | ਬੀਬੀ ਰਾਜਜੀਤ ਕੌਰ<br>ਮਕਾਨ ਨੰ.-2102, ਫੇਸ-10, ਮੋਹਾਲੀ<br>(ਸਵਰਗਵਾਸੀ ਅਮਰੀਕ ਸਿੰਘ ਦੀ ਯਾਦ ਵਿਚ) | 2100/- | ਐਚ-9015 | 20-01-2017 |
| 22. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3 ਬੀ-1, ਮੋਹਾਲੀ<br>(ਆਪਣੇ ਸਪੁੱਤਰ ਅਤੇ ਪੋਤਰੇ ਦੇ ਜਨਮ ਦਿਵਸ ਦੇ ਮੌਕੇ 'ਤੇ) | 2100/- | ਐਚ-9017 | 21-01-2017 |

## ਲਿਫਟ ਫੰਡ


| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਮੇਜਰ ਨਰਿੰਦਰ ਸਿੰਘ ਜਲੋ<br>ਮਕਾਨ ਨੰ.-96 ਸੈਕਟਰ-71, ਮੋਹਾਲੀ | 11000/- | ਐਚ-6444 | 11-01-2017 |

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੀ ਬਗੀਚੀ ਦੇ ਦਿਲਕਸ਼ ਦ੍ਰਿਸ਼









## MOBILE VAN CAMPS IN RURAL AREAS OF CHHATT BLOCK, DISTRICT RAJPURA













Regd No. 32212/78 Postal No.-- CHD/0111/2015-17

# Executive Committee Meeting Held On 15-01-2017





